# ਖੜ੍ਹਾ ਸਾਡੇ ਨਾਲੋਂ ਉੱਚਾ, ਸਾਡੀ ਬਾਂਹ ਫੜ ਕੇ
# ਤੈਨੂੰ ਤੱਕ ਹੋਵੇ, ਨਜ਼ਰਾਂ ਉਤਾਂਹ ਕਰ ਕੇ

**(ਸਾਹਿਤ ਅਤੇ ਕਲਾ ਜਗਤ ਦੇ ਪ੍ਰਤੀਕਰਮ)**

ਇਹ ਜਾਣਕੇ ਅੰਤਿਅੰਤ ਖੁਸ਼ੀ ਹੋਈ ਹੈ ਕਿ ਸ੍ਰੀ ਗੁਰਸ਼ਰਨ ਸਿੰਘ ਇਨਕਲਾਬੀ ਲੋਕ ਨਾਟਕਕਾਰ ਦੀਆਂ ਜੀਵਨ ਘਾਲਣਾਵਾਂ ਨੂੰ ਮੁੱਖ ਰੱਖ ਕੇ, ਪੰਜਾਬ ਦੀ ਇਨਕਲਾਬੀ ਜਮਹੂਰੀ ਲਹਿਰ ਵੱਲੋਂ ਜਨਤਕ ਸਲਾਮ ਭੇਟ ਕਰਨ ਲਈ ਉਹਨਾਂ ਨੂੰ 'ਇਨਕਲਾਬੀ ਨਿਹਚਾ ਸਨਮਾਨ' ਦਿੱਤਾ ਜਾ ਰਿਹਾ ਹੈ।

ਗੁਰਸ਼ਰਨ ਸਿੰਘ ਜੀ, ਇਨਕਲਾਬੀ ਜਨਤਕ ਸੰਸਥਾਵਾਂ ਦੇ, ਅਣਥੱਕ ਸੂਰਮੇ ਨਾਟਕਕਾਰ ਹਨ, ਜਿਨ੍ਹਾਂ ਨੇ ਪੰਜਾਬ ਦੇ ਪਿੰਡ ਪਿੰਡ ਨੂੰ ਨਾਟਕਾਂ ਰਾਹੀਂ ਜਾਗਰਤ ਕੀਤਾ। ਉਹਨਾਂ ਦਾ ਨਾਟਕ "ਭਾਈ ਮੰਨਾਂ ਸਿੰਘ" ਟੀ. ਵੀ. ਸਕਰੀਨ ਰਾਹੀਂ, ਪੰਜਾਬ ਦੇ ਪਿੰਡਾਂ, ਸ਼ਹਿਰਾਂ ਲਈ ਇਕ ਲੋਕ-ਗਾਥਾ ਹੀ ਬਣ ਗਿਆ। ਲੋਕੀਂ ਖ਼ੁਦ ਉਹਨਾਂ ਨੂੰ ਹੀ 'ਭਾਈ ਮੰਨਾ ਸਿੰਘ' ਆਖਣ ਲੱਗ ਪਏ ਸਨ। ਉਹ ਆਪਣੀ ਸਾਰੀ ਉਮਰ ਸਿਦਕਦਿਲੀ ਅਤੇ ਸਿਰੜ ਨਾਲ ਜਨਤਕ ਘੋਲਾਂ ਵਿਚ ਜੂਝਦੇ ਹੋਏ ਅੰਤਮ ਆਯੂ ਨੂੰ ਪੁੱਜ ਗਏ ਹਨ ਅਤੇ ਅਜੇ ਵੀ ਜੂਝ ਰਹੇ ਹਨ। ਇਸ ਅਵਸਰ 'ਤੇ ਮੈਂ ਆਪਣੀ ਦਿਲੀ ਅਕੀਦਤ ਅਤੇ ਸਤਿਕਾਰ ਪੇਸ਼ ਕਰਦਾ ਹੋਇਆ, ਸਾਥੀ ਗੁਰਸ਼ਰਨ ਸਿੰਘ ਨੂੰ ਮੁਬਾਰਕਬਾਦ ਦਿੰਦਾ ਹਾਂ। ਗੁਰਸ਼ਰਨ ਸਿੰਘ ਦਾ ਇਨਕਲਾਬੀ ਸਨਮਾਨ ਸਮਾਰੋਹ ਕਰਨ ਵਾਲੇ, ਪੰਜਾਬ ਦੇ ਲੋਕਾਂ ਦਾ, ਮੈਂ ਬਹੁਤ ਬਹੁਤ ਧੰਨਵਾਦੀ ਹਾਂ, ਜਿਨ੍ਹਾਂ ਨੇ ਆਪਣੇ ਸੂਰਮੇਂ ਸੇਵਕ ਦੀਆਂ ਘਾਲਣਾਵਾਂ ਦੀ ਪਹਿਚਾਣ ਕੀਤੀ ਹੈ।

***ਸੰਤੋਖ ਸਿੰਘ ਧੀਰ***

ਸਰਦਾਰ ਗੁਰਸ਼ਰਨ ਸਿੰਘ 20ਵੀਂ ਸਦੀ ਦੇ ਅਜਿਹੇ ਰੰਗਕਰਮੀ ਹਨ, ਜਿਨ੍ਹਾਂ ਉੱਤੇ ਪੰਜਾਬ ਹੀ ਨਹੀਂ ਪੂਰਾ ਦੇਸ਼ ਮਾਣ ਕਰ ਸਕਦਾ ਹੈ। ਉਹਨਾਂ ਨੇ ਪਿਛਲੇ ਚਾਰ ਦਹਾਕਿਆਂ ਤੋਂ ਵੀ ਵੱਧ ਸਮੇਂ ਤੋਂ ਰੰਗਮੰਚ ਨੂੰ ਲੋਕ ਲਹਿਰ ਬਣਾ ਦਿੱਤਾ ਹੈ। ਪੰਜਾਬ ਦੇ ਲੋਕਾਂ ਅੰਦਰ ਆਪਣੇ ਨਾਟਕਾਂ ਰਾਹੀਂ ਉਹਨਾਂ ਨੇ ਅਜਿਹੀ ਚੇਤਨਾ ਦਾ ਸੰਚਾਰ ਕੀਤਾ ਹੈ ਜਿਹੜਾ ਪੂਰਾ ਪੰਜਾਬੀ ਸਾਹਿਤ ਵੀ ਸ਼ਾਇਦ ਨਾ ਕਰ ਸਕਿਆ ਹੋਵੇ। ਉਹਨਾਂ ਦੀ ਆਰੰਭ ਕੀਤੀ ਅਗਾਂਹ ਵਧੂ ਲਹਿਰ ਤੋਂ, ਅਜਮੇਰ ਔਲਖ ਜਿਹੇ ਰੰਗਕਰਮੀਆਂ ਸਮੇਤ, ਪੰਜਾਬ ਦੀਆਂ ਅਨੇਕਾਂ ਨਾਟ ਮੰਡਲੀਆਂ ਨੇ ਪ੍ਰੇਰਨਾ ਲੈ ਕੇ, ਲੋਕਾਂ ਦੀਆਂ ਗੰਭੀਰ ਸਮੱਸਿਆਵਾਂ ਬਾਰੇ ਜੋ ਜਾਗਰਤੀ ਪੈਦਾ ਕੀਤੀ ਹੈ, ਉਸਦੀ ਮਿਸਾਲ ਸ਼ਾਇਦ ਪੂਰੇ ਦੇਸ਼ ਵਿਚ ਹੀ ਮਿਲਣੀ

ਮੁਸ਼ਕਲ ਹੈ। ਉਹਨਾਂ ਦੇ ਉੱਦਮ, ਲਗਨ, ਮਿਹਨਤ ਅਤੇ ਪ੍ਰਤੀਭਾ ਸਦਕਾ, ਰੰਗ ਮੰਚ ਨੇ ਪੰਜਾਬ ਦੇ ਆਮ ਲੋਕਾਂ ਉੱਤੇ ਅਜਿਹਾ ਚਮਤਕਾਰੀ ਪ੍ਰਭਾਵ ਪਾਇਆ ਹੈ ਕਿ ਹੁਣ ਲੋਕ ਏਸ ਯੋਗ ਹੋ ਗਏ ਹਨ ਕਿ ਕਿਸੇ ਵੀ ਸਮਾਜਿਕ -ਰਾਜਨੀਤਕ ਸੰਘਰਸ਼ ਵਿਚ ਕੁੱਦ ਸਕਦੇ ਹਨ।

ਸਾਨੂੰ ਸਭ ਸਾਹਿਤਕਾਰਾਂ, ਰੰਗ ਕਰਮੀਆਂ ਅਤੇ ਲੋਕਾਂ ਪ੍ਰਤੀ ਪ੍ਰਤੀਬੱਧ ਸਭ ਚਿੰਤਕਾਂ ਨੂੰ ਮਾਣ ਹੈ ਕਿ ਅਸੀਂ ਸਰਦਾਰ ਗੁਰਸ਼ਰਨ ਸਿੰਘ ਦੇ ਸਮਕਾਲੀ ਹਾਂ। ਮੈਂ ਉਹਨਾਂ ਦਾ ਸਮਕਾਲੀ ਹੋਣ ਦੇ ਨਾਤੇ, ਉਹਨਾਂ ਦੇ ਮਹਾਨ ਕਾਰਜ ਅੱਗੇ ਨਤਮਸਤਕ ਹਾਂ ਤੇ ਕਾਮਨਾ ਕਰਦਾ ਹਾਂ ਕਿ 21 ਵੀਂ ਸਦੀ ਵਿਚ ਵੀ ਉਹ ਆਪਣੀ ਵਿੱਲਖਣ ਸਖ਼ਸੀਅਤ ਤੇ ਰੰਗਮੰਚ ਦੀਆਂ ਗਿਤੀਵਿਧੀਆਂ ਰਾਹੀਂ ਪੰਜਾਬ ਦੇ ਸਮੂਹ ਰੰਗ-ਮੰਚ ਕਰਮੀਆਂ ਦੇ ਪ੍ਰੇਰਨਾ ਸਰੋਤ ਬਣੇ ਰਹਿਣਗੇ।

***ਪ੍ਰੋ. ਗੁਰਦਿਆਲ ਸਿੰਘ***

ਸ. ਗੁਰਸ਼ਰਨ ਸਿੰਘ ਪੰਜਾਬੀ ਰੰਗਮੰਚ, ਵਿਸ਼ੇਸ਼ ਤੌਰ ’ਤੇ ਪੰਜਾਬ ਦੇ ਪੰਜਾਬੀ ਪੇਂਡੂ ਰੰਗਮੰਚ ਦਾ ਬਦਸ਼ਾਹ ਹੈ। ਉਹਦਾ ਪੰਜਾਬੀ ਰੰਗਮੰਚ ਜਗਤ ਵਿਚ ਉਸ ਸਮੇਂ ਪ੍ਰਵੇਸ਼ ਹੋਇਆ ਜਦ ਪੰਜਾਬ ਵਿਚ ਰੰਗ ਮੰਚ ਦੀ ਇਪਟਾ ਲਹਿਰ ਆਪਣੇ ਅਖੀਰੀ ਸਾਹਾਂ ਉੱਤੇ ਸੀ। 1969-70 ਵਿਚ, ਜਦੋਂ ਤੋਂ ਉਸਨੇ ਆਪਣੇ ਰੰਗ ਮੰਚ ਦਾ ਰੁਖ਼ ਪੰਜਾਬ ਦੇ ਪਿੰਡਾਂ ਵੱਲ ਕੀਤਾ, ਪੰਜਾਬੀ ਰੰਗਮੰਚ ਜਗਤ ਵਿਚ ਹੀ ਨਹੀਂ ਸਗੋਂ ਵਿਸ਼ਵ ਦੇ ਰੰਗਮੰਚ ਵਿਚ, ਇਕ ਅਨੋਖਾ ਇਤਿਹਾਸਕ ਵਰਤਾਰਾ ਹੀ ਵਰਤਾ ਧਰਿਆ, ਜਿਸ ਦੀ ਮਿਸਾਲ ਸ਼ਾਇਦ ਹੀ ਦੁਨੀਆ ਦੇ ਕਿਸੇ ਹੋਰ ਰੰਗਮੰਚ ਵਿਚ ਵੇਖਣ ਨੂੰ ਨਸੀਬ ਹੋਵੇ।

ਪੰਜਾਬੀ ਰੰਗਮੰਚ ਵਾਹ-ਵਾਸਤਾ ਰੱਖਣ ਵਾਲਾ ਕੋਈ ਵੀ ਵਿਅਕਤੀ ਇਸ ਸਚਾਈ ਤੋਂ ਮੁਨਕਰ ਨਹੀਂ ਹੋ ਸਕਦਾ। ਪੰਜਾਬ ਦੇ ਪਿੰਡਾਂ ਵਿਚ ਜਿਸ ਭਰਵੇਂ ਰੂਪ ਅਤੇਗਤੀਸ਼ੀਲਤਾ ਨਾਲ ਗੁਰਸ਼ਰਨ ਸਿੰਘ ਜੀ ਨੇ ਰੰਗਮੰਚ ਕੀਤਾ ਹੈ,ਉਸਦੀ ਮਿਸਾਲ ਪੰਜਾਬੀ ਰੰਗ-ਮੰਚ ਵਿਚ ਤਾਂ ਕੀ ਸਮੁੱਚੇ ਰੰਗਮੰਚ ਜਗਤ ਵਿਚ ਹੀ ਮਿਲਣੀ ਅਸੰਭਵ ਹੈ। ਹਿੰਦੋਸਤਾਨ ਦੇ ਵਿਸ਼ਵ-ਪ੍ਰਸਿੱਧ ਨਿਰਦੇਸ਼ਕ ਹਬੀਬ ਤਨਵੀਰ ਨੇ, ਪੇਂਡੂ ਅਤੇ ਅਨਪੜ੍ਹ ਕਲਾਕਾਰਾਂ ਨਾਲ ਇਕ ਅਰਸੇ ਤਕ ਥੀਏਟਰ ਕੀਤਾ ਤੇ ਹੁਣ ਵੀ ਕਰ ਰਿਹਾ ਹੈ। ਮਣੀਪੁਰ ਵਿਚ ਰਤਨ ਥਿਆਮ ਨੇ ਵੀ ਅਜਿਹਾ ਹੀ ਨਿਵੇਕਲਾ ਤਜ਼ਰਬਾ ਕੀਤਾ ਹੈ ਪਰ ਉਹਨਾਂ ਦਾ ਰੰਗਮੰਚ ਕਦੇ ਵੀ ਆਮ ਬੰਦੇ ਜਾਂ ਪਿੰਡ ਦੇ ਕਿਰਤੀ-ਕਿਸਾਨ ਨਾਲ ਉਸ ਤਰ੍ਹਾਂ ਨਹੀਂ ਜੁੜ ਸਕਿਆ ਜਿਸ ਤਰ੍ਹਾਂ ਗੁਰਸ਼ਰਨ ਸਿੰਘ ਨੇ ਜੋੜ ਵਿਖਾਇਆ ਹੈ। ਹਬੀਬ ਤਨਵੀਰ ਤੇ ਰਤਨ ਥਿਆਮ ਦੇ ਕਲਾਕਾਰ ਪੇਂਡੂ ਹਨ, ਪਰ ਰੰਗਮੰਚ ਸ਼ਹਿਰੀ ਹੈ, ਗੁਰਸ਼ਰਨ ਸਿੰਘ ਦੇ ਕਲਾਕਾਰ ਸ਼ਹਿਰੀ ਹਨ, ਪਰ ਰੰਗਮੰਚ ਪੇਂਡੂ ਹੈ। ਇਹ ਗੁਰਸ਼ਰਨ ਸਿੰਘ ਹੀ ਹੈ, ਜਿਸ ਨੇ ਪੰਜਾਬੀ ਰੰਗਮੰਚ ਦੇ ਆਧੁਨਿਕ ਰੂਪ ਨੂੰਪੰਜਾਬ ਦੇ ਪੇਂਡੂ ਜੀਵਨ ਨਾਲ ਇਕਸੁਰ ਕੀਤਾ। ਪੰਜਾਬ ਦੇ ਲੋਕ-ਕਲਾ ਸਭਿਆਚਾਰ ਵਿਚ ਅੱਜ ਪੰਜਾਬ ਦੇ ਪੇਂਡੂ ਜਾਂ ਤਾਂ ਚੰਗੀ-ਮਾੜੀ ਗਾਇਕੀ ਦੇ ਨਾਂ ਤੋਂ ਵਾਕਿਫ ਹਨ ਤੇ ਜਾਂ ਲੱਚਰ ਗਾਇਕੀ ਦਾ

ਮੁਕਾਬਲਾ ਕਰਨ ਵਾਲੇ ਨਾਟਕੀ ਸਭਿਆਚਾਰ ਤੋਂ। ਨਾਟਕ ਤੇ ਰੰਗਮੰਚ ਜਗਤ ਦੇ ਇਸ ਅਦਭੁੱਤ ਵਰਤਾਰੇ ਪਿਛੇ ਸਭ ਤੋਂ ਵੱਡਾ ਹੱਥ ਗੁਰਸ਼ਰਨ ਸਿੰਘ ਰਾਹੀਂ ਉਸਾਰੀ ਅਗਾਂਹਵਧੂ ਅਤੇ ਗਤੀਸ਼ੀਲ ਰੰਗਮੰਚੀ ਲਹਿਰ ਦਾ ਹੀ ਹੈ। ਤੇ ਹੁਣ ਇਹ ਲਹਿਰ ਇਕ ਜਬਰਦਸ਼ਤ ਰੰਗਮੰਚ ਬਣਨ ਦੇ ਸਮਰੱਥ ਹੈ।

ਇਸ ਰੰਗਮੰਚ ਲਹਿਰ ਦੇ ਉਸਰਨ ਪਿਛੇ ਮੁੱਖ ਤੌਰ 'ਤੇ ਦੋ ਕਾਰਕ ਕਾਰਜਸ਼ੀਲ ਹਨ। ਇਕ ਗੁਰਸ਼ਰਨ ਸਿੰਘ ਦੀ ਵਿਚਾਰਧਾਰਕ ਵਚਨਬੱਧਤਾ ਤੇ ਦੂਜਾ ਵਚਨਬੱਧਤਾ ਅਧੀਨ ਰੰਗਮੰਚ ਕਰਨਾ। ਗੁਰਸ਼ਰਨ ਸਿੰਘ ਅੰਦਰ ਇਕ "ਵਧੀਆ ਦੁਨੀਆ ਸਿਰਜਣ ਤੇ ਵੇਖਣ" ਦਾ ਸਮਾਜਿਕ ਸੁਪਨਾ ਹੈ ਤੇ ਉਸ ਅਨੁਸਾਰ ਇਸ ਸੁਪਨੇ ਦੀ ਪੂਰਤੀ, ਬੁਰਾਈਆਂ ਨਾਲ ਓਤਪੋਤ ਵਰਤਮਾਨ ਗ਼ਲਤ ਆਰਥਿਕ-ਰਾਜਨੀਤਕ ਅਤੇ ਸਮਾਜਿਕ ਨਿਜ਼ਾਮ ਹੈ ਬਦਲ ਕੇ ਹੀ ਕੀਤਾ ਜਾ ਸਕਦਾ ਹੈ। ਇਸ ਤਬਦੀਲੀ ਨੂੰ ਲਿਆਉਣ ਵਾਸਤੇ ਗੁਰਸ਼ਰਨ ਸਿੰਘ ਨੇ ਰੰਗਮੰਚ ਨੂੰ ਇਕ ਸਾਰਥਿਕ ਤੇ ਮਜ਼ਬੂਤ ਮਾਧਿਅਮ ਸਮਝਿਆ ਅਤੇ ਇਸਤੀ ਵਰਤੋਂ ਕੀਤੀ। ਵਚਨਬੱਧਤਾ ਨੇ ਉਸ ਅੰਦਰ ਕੰਮ ਕਰਨ ਦੀ ਪ੍ਰੇਰਨਾ ਤੇ ਸ਼ਕਤੀ ਭਰੀ ਤੇ ਰੰਗਮੰਚ ਦੀ ਸਾਰਥਿਕਤਾ ਨੇ ਕਲਾਤਮਕ ਭਰੋਸਾ ਤੇ ਸਮਰੱਥਾ। ਇਸ ਸਦਕਾ ਹੀ ਉਹ ਪੰਜਾਬ ਦੇ ਪੇਂਡੂ ਰੰਗਮੰਚ ਨੂੰ ਆਪਣੀ ਇਕ ਮੌਲਿਕ ਤੇ ਨਿਵੇਕਲੀ ਸ਼ੈਲੀ ਦੇਣ ਦੇ ਸਮਰੱਥ ਹੋਇਆ। ਉਸਨੇ ਇਹ ਸਿੱਧ ਕੀਤਾ ਕਿ ਨਾਟਕ ਇਕ ਗੱਡੇ ਜਾਂ ਤੰਗ ਥੜ੍ਹੇ ਉਤੇ ਵੀ ਕੀਤਾ ਜਾ ਸਕਦਾ ਹੈ ਤੇ ਲੰਬੇ ਚੌੜੇ ਮੰਚ (ਸਟੇਜ) ਉਤੇ ਵੀ। ਇਹ ਥੋੜ੍ਹੇ ਕਲਾਕਾਰਾਂ ਨਾਲ ਵੀ ਕੀਤਾ ਜਾ ਸਕਦਾ ਹੈ ਤੇ ਬਹੁਤਿਆਂ ਨਾਲ ਵੀ। ਇਹ ਮੰਚ ਸੱਜਾ ਤੇ ਭਾਰੀ ਭਰਕਮ ਮੰਚ ਸਮੱਗਰੀ ਨਾਲ ਵੀ ਕੀਤਾ ਜਾ ਸਕਦਾ ਹੈ ਤੇ ਇਹਨਾਂ ਦੇ ਬਿਨ੍ਹਾਂ ਜਾਂ ਇਹਨਾਂ ਦੀ ਘੱਟ ਤੋਂ ਘੱਟ ਵਰਤੋਂ ਕਰਕੇ ਵੀ। ਨਾਟਕਕਾਰ ਬਾਦਲ ਸਰਕਾਰ ਦੇ 'ਤੀਸਰੇ ਰੰਗਮੰਚ' ਵਾਂਗ ਉਸਨੇ, ਸਾਡੇ ਪੇਂਡੂ ਰੰਗਮੰਚ ਨੂੰ ਅਟੁੱਟ ਲਗਾਤਾਰਤਾ ਤੇ ਗਤੀਸ਼ੀਲਤਾ ਬਖਸ਼ੀ ਜਿਸ ਸਦਕਾ ਉਸਦੇ ਰੰਗਮੰਚ ਤੋਂ ਉਤਸ਼ਾਹ ਲੈ ਕੇ ਕਿੰਨੇ ਹੀ ਨੌਜੁਆਨ ਰੰਗਕਰਮੀ ਪੰਜਾਬ ਦੇ ਪੇਂਡੂ ਰੰਗਮੰਚ-ਦ੍ਰਿਸ਼ ਉਤੇ ਰੰਗਮੰਚ ਕਰਨ ਲਈ ਉਤਰਨ ਲੱਗੇ ਤੇ ਪੰਜਾਬ ਦਾ ਪੇਂਡੂ ਰੰਗਮੰਚ ਇਕ ਸ਼ਕਤੀਸ਼ਾਲੀ ਲਹਿਰ ਦੇ ਰੂਪ ਵਿਚ ਵਿਚਰਨ ਦੇ ਸਮਰੱਥ ਹੋਇਆ। ਜੇ ਇਪਟਾ ਨੇ ਪੰਜਾਬ ਦੇ ਪਿੰਡਾਂ ਵਿਚ ਰੰਗਮੰਚ ਕਰਨ ਦੀ ਨੀਂਹ ਰੱਖੀ ਤਾਂ ਗੁਰਸ਼ਰਨ ਸਿੰਘ ਨੇ ਇਸਦੀਆਂ ਪੱਕੀਆਂ ਕੰਕਰੀਟ ਕੰਧਾਂ ਉਸਾਰੀਆਂ ਜਿਸ ਉਤੇ, ਮੇਰਾ ਵਿਸ਼ਵਾਸ ਹੈ, ਸਾਡੇ ਆਉਣ ਵਾਲੇ ਰੰਗਕਰਮੀ ਲੋਕ-ਪੱਖੀ ਰੰਗਮੰਚ ਦੀ ਇਕ ਮਜ਼ਬੂਤ ਇਮਾਰਤ ਉਸਾਰਨ ਦੇ ਸਮਰੱਥ ਹੋ ਸਕਣਗੇ।

*ਅਜਮੇਰ ਸਿੰਘ ਔਲਖ*

ਗੁਰਸ਼ਰਨ ਸਿੰਘ ਝੱਖੜਾਂ ਹਨੇਰੀਆਂ ਵਿਚ ਮਸ਼ਾਲ ਵਾਂਗ ਜਗਦਾ ਰਿਹਾ ਹੈ। ਮਾਨਵਤਾ ਦੀ ਆਤਮਾ ਬਣ ਕੇ ਜਗਦਾ ਰਿਹਾ ਹੈ। ਕਈ ਵਾਰੀ ਉਹ ਕਾਲੀਆਂ ਰਾਤਾਂ ਵਿਚ 'ਕੱਲਮ-ਕੱਲੇ' ਚਿਰਾ.ਗ ਵਾਂਗ ਬਲਦਾ ਦਿਸਦਾ ਹੈ। ਉੱਘੜ-ਦੁੱਘੜੇ ਰਸਤਿਆਂ ਉਤੇ ਤੁਰ ਕੇ ਉਹ ਦੂਰ ਦਰਾਜ ਅਣਗੌਲੇ ਪਿੰਡਾਂ ਵਿਚ ਪਹੁੰਚਦਾ, ਕਿਸੇ ਥੜ੍ਹੇ ਉਤੇ ਜਾਂ

ਦੋ ਗੱਡੇ ਜੋੜ ਕੇ, ਉਹ ਆਪਣਾ ਰੰਗਮੰਚ ਉਸਾਰ ਲੈਂਦਾ ਤੇ ਕਈ ਵਾਰ ਕੱਲਾ ਹੀ ਕਈ ਕਈ ਰੋਲ ਨਿਭਾ ਲੈਂਦਾ। ਗੁਰਸ਼ਰਨ ਸਿੰਘ ਨੇ ਪੰਜਾਬ ਦੇ ਪੰਜਾਹ ਸਾਲਾਂ ਵਿਚ ਇਕ ਅਜਿਹਾ ਇਤਿਹਾਸ ਸਿਰਜਿਆ ਜੋ ਕਈ ਸੰਸਥਾਵਾਂ ਵੀ ਰਲ ਕੇ ਨਹੀਂ ਸਿਰਜ ਸਕੀਆ।

ਮੈਂ ਨਤਮਸਤਕ ਹਾਂ ਕਿ ਗੁਰਸ਼ਰਨ ਸਿੰਘ ਨੇ 'ਧੁਨ ਉਡੀਕਦੀ ਫ਼ਿਜ਼ਾ' 'ਚ ਤਰੰਗਾਂ ਛੇੜੀਆਂ ਹਨ। ਉਸਦੇ 'ਪੋਟਿਆਂ ਤੇ ਸੁਰਾਂ' ਦਰਮਿਆਨ ਕੋਈ 'ਫਾਸਲੇ', ਕੋਈ 'ਲੀਕ' ਨਹੀਂ ਹੈ।

***ਸੁਰਜੀਤ ਪਾਤਰ***

ਗੁਰਸ਼ਰਨ ਸਿੰਘ ਦਾ ਹੋਣਾ, ਜੀਣਾ ਤੇ ਥੀਣਾ ਪੰਜਾਬੀ ਸਮਾਜਕ-ਸਭਿਆਚਾਰਕ ਜੀਵਨ ਵਿਚ ਇਕ ਮਹੱਤਵਪੂਰਨ ਇਤਿਹਾਸਕ ਘਟਨਾ ਹੈ। ਲਗਭਗ ਪੰਜ ਦਹਾਕਿਆਂ ਤੋਂ ਪੰਜਾਬੀ ਸੋਚ ਨੂੰ ਇਕ ਨਵੀਂ ਗਤੀ ਤੇ ਦਿਸ਼ਾ ਦੇਣ ਲਈ ਇਕ ਕਰਮਯੋਗੀ ਵਾਂਗ ਨਿਰੰਤਰ ਕਾਰਜਸ਼ੀਲ ਗੁਰਸ਼ਰਨ ਸਿੰਘ ਦਲੇ- ਮਲੇ ਤੇ ਲੁੱਟੇ-ਥੁੜੇ ਲੋਕਾਂ ਨਾਲ ਆਪਣਾ ਨਾਤਾ ਜੋੜਕੇ 'ਵੱਡਿਆਂ' 'ਚੋਂ ਹੋ ਕੇ ਵੀ 'ਵੱਡਿਆਂ ਨਾਲ ਕੋਈ ਰੀਸ' ਨਹੀਂ ਕੀਤੀ ਸਗੋਂ 'ਉਸਤੋਂ ਵੀ ਵੱਡਿਆਂ', ਵਲੋਂ 'ਨੀਵਿਆਂ' ਨਾਲ ਕੀਤੇ ਜਾਂਦੇ ਧੱਕਿਆਂ ਅਤੇ ਧੋਖਿਆਂ ਨੂੰ ਬੇਪਰਦ ਕਰਨ ਲਈ 'ਸਿੰਘ ਗਰਦਨਾ' ਜਿਹੀ ਆਵਾਜ਼ ਬੁਲੰਦ ਕੀਤੀ ਹੈ, ਜਿਸ ਆਵਾਜ਼ ਨੂੰ ਸੁਣਕੇ ਹਨੇਰੇ ਮਨਾਂ ਵਿਚ ਰੌਸ਼ਨੀ ਦੇ ਬੀਜ ਡਿੱਗੇ ਹਨ, ਬੁਝੇ ਹੋਏ ਮਨਾਂ ਦੀਆਂ ਜੋਤਾਂ ਜਗੀਆਂ ਹਨ, ਰਗਾਂ ਵਿਚ ਜੰਮਿਆਂ ਸਰਦ ਖ਼ੂਨ ਪਿਘਲਿਆ ਹੈ, ਰੁਕੇ ਹੋਏ ਕਦਮ ਤੁਰੇ ਹਨ, ਸਵੈ ਨੇ ਖੰਭ ਖੋਲ ਕੇ 'ਪਰ' ਤਕ ਪਹੁੰਚਣ ਦੀ ਉਡਾਣ ਭਰੀ ਹੈ। ਗੁਰਸ਼ਰਨ ਸਿੰਘ ਹੋਣਾ ਜ਼ਿੰਦਗੀ ਲਈ ਗਲ-ਗਲ ਤਕ ਭਰੇ ਮੋਹ ਦਾ ਹੋਣਾ ਹੈ, ਅੱਥਰੂਆਂ ਦਾ ਚੰਗਿਆੜੀਆਂ ਵਿਚ ਤਬਦੀਲੀ ਹੋਣਾ ਹੈ, ਸਟੇਨਾਂ ਅਤੇ ਸੰਗੀਨਾਂ ਦੇ ਦੋਪਾਸੀ ਹਮਲਿਆਂ ਵਿਚ ਬਾਹਵਾਂ ਖਿਲਾਰ ਕੇ ਅਤੇ ਧੌਣ ਉੱਚੀ ਕਰਕੇ ਛਾਤੀ ਦਾ ਮਾਣ-ਵਿਚ ਭਰ ਕੇ ਚੌੜਾ ਹੋਣਾ ਹੈ। ਮੁਕਮੰਲ ਗੁਰਸ਼ਰਨ ਸਿੰਘ ਹੋਣਾ ਭਾਵੇਂ ਹਾਰੀ-ਸਾਰੀ ਦੇ ਵੱਸ ਨਹੀਂ ਪਰ ਗੁਰਸ਼ਰਨ ਸਿੰਘ ਨੇ ਲਗਾਤਾਰ ਪੰਜਾਬੀ ਜੀਵਨ ਵਿਚ ਵਿਚਰ ਕੇ, ਨਾਟਕ ਖੇਡ ਕੇ, ਪੁਸਤਕਾਂ ਛਾਪ ਕੇ, ਮੈਗਜ਼ੀਨ ਸੰਪਾਦਤ ਕਰਕੇ, ਜਥੇਬੰਦੀਆਂ ਉਸਾਰ ਕੇ, ਉਹਨਾਂ ਦੀ ਅਗਵਾਈ ਕਰਕੇ, ਲਿਖਕੇ, ਬੋਲ ਕੇ ਹਜ਼ਾਰਾਂ ਲੋਕਾਂ ਦੀ ਹਕੀਕਤ ਨੂੰ ਪਛਾਣਨ ਵਾਲੀ ਆਪਣੀ ਨਜ਼ਰ ਦਿੱਤੀ ਹੈ, ਦੁਖੀਆਂ ਦੇ ਦੁੱਖ ਵਿਚ ਪਿਘਲ ਜਾਣ ਵਾਲਾ ਆਪਣਾ ਦਰਦ ਮੰਦ ਦਿਲ ਦਿੱਤਾ ਹੈ। ਨਿਰਾਸ਼ਾ ਵਿਚ ਢੱਠੀਆਂ ਹਜ਼ਾਰਾਂ ਬਾਹਵਾਂ ਨੂੰ ਅਸਮਾਨ ਵੱਲ ਉੱਠੀ ਤੇ ਤਣੀ ਹੋਈ ਬਾਂਹ ਅਤੇ ਫੌਲਾਦੀ ਮੁੱਕਾ ਦਿੱਤਾ। 'ਗੁੰਗਿਆਂ' ਨੂੰ ਆਪਣੀ ਜ਼ਬਾਨ ਤੇ ਬੰਦ ਹੋਠਾਂ ਨੂੰ 'ਆਪਣੇ ਬੋਲਾਂ ਦੀ ਲਿਸ਼ਕ' ਦਿੱਤੀ ਹੈ। ਇੰਜ ਗੁਰਸ਼ਰਨ ਸਿੰਘ ਟੋਟੇ ਟੋਟੇ ਹੋ ਕੇ ਪੰਜਾਬੀ ਮਨਾਂ ਵਿਚ ਖਿੱਲਰ ਗਿਆ ਹੈ। ਉਹਦੀ ਸੂਰਜੀ ਸ਼ਖ਼ਸੀਅਤ ਖੰਡ ਖੰਡ ਹੋ ਕੇ ਲੱਖਾਂ ਜੁਗਨੂੰ ਬਣਕੇ ਹਨੇਰੀਆਂ ਨੁੱਕਰਾਂ ਵਿਚ ਜਗਣ ਲੱਗੀ ਹੈ। ਮੁਕੰਮਲ ਗੁਰਸ਼ਰਨ ਸਿੰਘ ਹੋਣਾ ਨਿਸਚੈ ਹੀ ਬੜਾ ਔਖਾ ਹੈ ਪਰ ਗੁਰਸ਼ਰਨ ਸਿੰਘ ਨੇ ਗੁਰਸ਼ਰਨ ਸਿੰਘ 'ਬਣ' ਸਕਣ ਦੀਆਂ ਹਜ਼ਾਰਾਂ ਸੰਭਾਵਨਾਵਾਂ ਦੇ ਬੀਜ ਬੋ ਦਿੱਤੇ ਹਨ।

ਇਹ ਸਤਰਾਂ ਇਕ ਭਾਵੁਕ ਮਨ ਦਾ ਉਲਾਰ ਕਾਵਿਕ-ਪ੍ਰਗਟਾਵਾਂ ਨਹੀਂ ਹਨ ਸਗੋਂ ਗੁਰਸ਼ਰਨ ਸਿੰਘ ਦੇ ਵਿਰਾਟ ਆਪੇ ਨੂੰ ਸ਼ਬਦ ਦੇ ਸੰਜਮ ਵਿਚ ਬੰਨ੍ਹਣ ਦੀ ਮਾਸੂਮ ਕੋਸ਼ਿਸ਼ ਹੈ। ਗੁਰਸ਼ਰਨ ਸਿੰਘ ਦੇ ਜੀਵਨ, ਕੰਮਾਂ, ਪ੍ਰਾਪਤੀਆਂ, ਪ੍ਰਤੀਬੱਧਤਾ ਅਤੇ ਉਸਦੀ ਦੇਣ ਬਾਰੇ, ਉਸਨੂੰ ਜਾਨਣ ਵਾਲਾ ਕੌਣ ਨਹੀਂ ਜਾਣਦਾ। ਬਹੁਤ ਵੱਡਾ ਇੰਜੀਨੀਅਰ, ਕਲਾਸ ਵੰਨ ਅਫ਼ਸਰ ਹੋ ਕੇ ਉਸਨੇ ਜ਼ਿੰਦਗੀ ਜਿਊਣ ਦੇ ਹੱਕਾਂ ਤੋਂ ਵਿਰਵੇ ਲੋਕਾਂ ਵਿਚ ਚਿੰਤਨ, ਚੇਤਨਾ ਦੀ ਜਾਗ ਲਾਉਣ, ਉਹਨਾਂ ਨੂੰ ਸਮਾਜਕ ਸਭਿਆਚਾਰਕ ਤੇ ਰਾਜਨੀਤਕ ਪਰਿਵਰਤਨ ਲਈ ਪ੍ਰੇਰਤ ਕਰਨ ਅਤੇ ਜਥੇਬੰਦ ਹੋ ਕੇ ਜੱਦੋ-ਜਹਿਦ ਕਰਨ ਦਾ ਸੁਨੇਹਾ ਦੇਣ ਲਈ ਆਪਣਾ ਪੂਰਾ ਜੀਵਨ ਸਮਰਪਤ ਕਰ ਦਿੱਤਾ।

ਪੰਜਾਬੀ ਥੀਏਟਰ ਨੂੰ ਪਿੰਡ ਪਿੰਡ ਲੈ ਕੇ ਜਾਣ ਵਾਲੇ ਗੁਰਸ਼ਰਨ ਸਿੰਘ ਦੇ ਨਕਸ਼ੇ-ਕਦਮ 'ਤੇ ਚੱਲ ਕੇ ਅਨੇਕਾਂ ਨਾਟਕ-ਮੰਡਲੀਆਂ ਬਣੀਆਂ, ਜਿਨ੍ਹਾਂ ਨੇ ਪੰਜਾਬ ਵਿਚ ਇਕ ਸਰਗਰਮ ਸਭਿਆਚਾਰਕ ਲਹਿਰ ਉਸਾਰਨ ਵਿਚ ਮੁੱਖ ਭੂਮਿਕਾ ਨਿਭਾਈ ਹੈ। ਇਹ ਵੀ ਗੁਰਸ਼ਰਨ ਸਿੰਘ ਹੀ ਹੈ, ਜਿਸਨੇ ਸਭ ਤੋਂ ਪਹਿਲਾਂ 'ਬਲਰਾਜ ਸਾਹਨੀ ਪੁਸਤਕਾਲਾ' ਸਥਾਪਤ ਕਰਕੇ, ਨਾ ਸਿਰਫ਼ ਸਸਤੇ ਮੁੱਲ 'ਤੇ ਵਧੀਆ ਸਾਹਿਤ ਲੋਕਾਂ ਤਕ ਪਹੁੰਚਾਉਣ ਦਾ ਉਪਰਾਲਾ ਕੀਤਾ, ਸਗੋਂ ਭਵਿੱਖ ਵਿਚ ਪੰਜਾਬੀ ਸਾਹਿਤ ਵਿਚ ਵੱਡਾ ਨਾਮਣਾ ਖੱਟਣ ਵਾਲੇ ਬਹੁਤ ਸਾਰੇ ਲੇਖਕਾਂ ਨੂੰ ਆਪਣੇ ਖ਼ਰਚੇ 'ਤੇ ਛਾਪ ਕੇ ਪੰਜਾਬੀ ਪਾਠਕਾਂ ਦੇ ਰੂਬਰੂ ਕੀਤਾ। ਇਹਨਾਂ ਵਿਚੋਂ 'ਪਾਸ਼' ਤੇ 'ਸੰਤ ਸੰਧੂ' ਦੀਆਂ ਪਹਿਲੀਆਂ ਪੁਸਤਕਾਂ 'ਲੋਹ ਕਥਾ' ਤੇ 'ਸੀਸ ਤਲੀ 'ਤੇ' ਦੀ ਪ੍ਰਕਾਸ਼ਨਾ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਇਕ ਮਹੱਤਵਪੂਰਨ ਘਟਨਾ ਸੀ। ਮੇਰਾ ਆਪਣਾ ਪਹਿਲਾਂ ਕਹਾਣੀ ਸੰਗ੍ਰਹਿ, 'ਲੋਹੇ ਦੇ ਹੱਥ' ਵੀ ਗੁਰਸ਼ਰਨ ਸਿੰਘ ਨੇ ਆਪਣੇ ਖ਼ਰਚੇ 'ਤੇ ਛਾਪਿਆ। ਇੰਜ ਉਸਨੇ ਜਿਥੇ ਥੀਏਟਰ ਨੂੰ ਭਵਿੱਖ ਵਿਚ ਸਥਾਪਤ ਹੋਣ ਵਾਲੇ ਅਨੇਕਾਂ ਰੰਗਕਰਮੀ ਦਿੱਤੇ, ਉਥੇ ਪੰਜਾਬੀ ਸਾਹਿਤ ਵਿਚ ਵੱਡਾ ਨਾਮਣਾ ਖੱਟਣ ਵਾਲੇ ਕਈ ਲੇਖਕਾਂ ਨੂੰ ਵੀ ਗੁਰਸ਼ਰਨ ਸਿੰਘ ਨੇ ਉਂਗਲੀ ਫੜ ਕੇ ਤੁਰਨਾ ਸਿਖਾਇਆ। ਅੱਜ 'ਮੈਂ ਜੋ ਹਾਂ' ਸ਼ਾਇਦ 'ਨਾ ਵੀ ਹੋ ਸਕਦਾ' ਜੇ ਗੁਰਸ਼ਰਨ ਸਿੰਘ ਮੇਰੀ ਕਿਤਾਬ ਨਾ ਛਾਪਦਾ। ਇਸੇ ਲਈ ਮੈਂ ਕਹਿੰਦਾ ਹਾਂ ਕਿ ਗੁਰਸ਼ਰਨ ਸਿੰਘ ਟੁਕੜਾ ਟੁਕੜਾ ਹੋ ਕੇ ਕਈ ਮਨਾਂ ਵਿਚ ਜਗ ਰਿਹਾ ਹੈ। ਸਭਿਆਚਾਰਕ ਪ੍ਰਦੂਸ਼ਣ ਦੇ ਇਸ ਦੌਰ ਵਿਚ ਗੁਰਸ਼ਰਨ ਸਿੰਘ 'ਆਕਸੀਜਨ' ਵੰਡਣ ਵਾਲਾ "ਸਭ ਤੋਂ ਵੱਡਾ ਬਾਬਾ ਬੋਹੜ" ਹੈ। ਗੁਰਸ਼ਰਨ ਸਿੰਘ ਹਨੇਰਿਆਂ ਵਿਚ ਜਗਦਾ ਅਜਿਹਾ ਅਸਮਾਨ ਛੂਹਦਾ 'ਚਾਨਣ ਮੁਨਾਰਾ' ਹੈ ਜੋ ਭੁੱਲਿਆਂ ਭਟਕਿਆਂ ਨੂੰ ਰਾਹ ਦੱਸ ਰਿਹਾ ਹੈ। ਗੁਰਸ਼ਰਨ ਸਿੰਘ ਪੰਜਾਬ ਦੇ ਸੱਚੇ-ਸੁੱਚੇ ਗੌਰਵ ਦਾ ਚਿੰਨ੍ਹ ਹੈ। ਗੁਰਸ਼ਰਨ ਸਿੰਘ ਪੰਜਾਬ ਦੀ ਜਗਦੀ ਜਾਗਦੀ ਆਤਮਾ ਹੈ। ਗੁਰਸ਼ਰਨ ਸਿੰਘ ਜਿਊਂਦਾ ਜਾਗਦਾ ਇਤਿਹਾਸ ਹੈ। ਗੁਰਸ਼ਰਨ ਸਿੰਘ ਪੰਜਾਬ ਦੀ ਸ਼ਾਨਾਂ ਮੱਤੀ ਵਿਰਾਸਤ ਦਾ ਭਰ ਵਹਿੰਦਾ ਦਰਿਆ ਹੈ, ਜਿਸ 'ਚੋਂ ਚੂਲੀਆ ਭਰ ਕੇ 'ਮੈਲੀ ਆਤਮਾ' ਨੂੰ ਉੱਜਲ ਕੀਤਾ ਜਾ ਸਕਦਾ ਹੈ। ਪੰਜਾਬ ਦੀ ਇਸ ਸਜਿੰਦ, ਸੁਦ੍ਰਿੜ, ਸੁਹਿਰਦ, ਸੁਤੰਤਰ ਤੇ ਸੰਗਰਾਮੀ ਸ਼ਖ਼ਸੀਅਤ ਦਾ ਸਨਮਾਨ ਪੰਜਾਬ ਦੇ ਦਰੜੇ

ਤੇ ਲਿਤਾੜੇ ਲੋਕਾਂ ਦਾ ਸਨਮਾਨ ਹੈ,ਜਾਗਦੀਆਂ ਜ਼ਮੀਰਾਂ ਦਾ ਸਨਮਾਨ ਹੈ, ਤੂਫ਼ਾਨਾਂ ਦੇ ਖਿਲਾਫ਼ ਉਕਾਬੀ ਉਡਾਣਾਂ ਭਰਨ ਵਾਲੇ ਜਿਗਰਿਆਂ ਦਾ ਸਨਮਾਨ ਹੈ। ਗੁਰਸ਼ਰਨ ਸਿੰਘ ਦਾ ਸਨਮਾਨ ਲੋਕ-ਹਿਤਾਂ ਲਈ ਜੂਝ ਰਹੇ ਕਾਮਿਆਂ ਅਤੇ ਕਿਰਤੀਆਂ ਦਾ ਆਪਣਾ ਸਨਮਾਨ ਹੈ।

***ਵਰਿਆਮ ਸਿੰਘ ਸੰਧੂ***

ਪਹਿਲਾਂ ਪਹਿਲ ਗੁਰਸ਼ਰਨ ਸਿੰਘ ਇਕ ਵਿਅਕਤੀ ਦਾ ਨਾਂ ਹੁੰਦਾ ਸੀ। ਫਿਰ ਉਹ ਆਪਣੇ ਰੰਗਮੰਚ ਦੇ ਕੰਮਾਂ ਸਦਕਾ ਇਕ ਸੰਸਥਾ ਬਣ ਗਿਆ। ਆਪਣੀ ਵਿਚਾਰਧਾਰਕ ਪ੍ਰਤੀਬੱਧਤਾ ਨੂੰ ਉਸਨੇ ਜਿੰਨੀ ਸ਼ਿੱਦਤ ਨਾਲ ਨਿਭਾਇਆ ਅਤੇ ਆਮ ਲੋਕਾਂ ਨਾਲ ਜਿਹੜੀ ਵਫ਼ਾ ਨਿਭਾਈ, ਉਸ ਨਾਲ ਗੁਰਸ਼ਰਨ ਸਿੰਘ ਦਾ ਕੱਦ ਕਿਸੇ ਸੰਸਥਾ ਨਾਲੋਂ ਵੀ ਵੱਡਾ ਹੋ ਗਿਆ ਅਤੇ ਇਕ ਇਨਸਾਨ ਹੀ ਇਕ ਵੱਡੀ ਲਹਿਰ ਦਿੱਸਣ ਲੱਗਾ। ਜੀਵਨ ਦੇ ਉਸ ਪੜਾਓ 'ਤੇ ਪਹੁੰਚ ਕੇ, ਜਿਥੇ ਲੋਕ ਅਕਸਰ ਅੱਕ ਥੱਕ ਜਾਂਦੇ ਹਨ ਅਤੇ ਦੂਸਰੇ ਉਹਨਾਂ ਤੋਂ ਅੱਕ ਜਾਂਦੇ ਹਨ, ਗੁਰਸ਼ਰਨ ਸਿੰਘ ਅਜੇ ਵੀ ਜੀਵਨ ਅਤੇ ਜੋਸ਼ ਦੀ ਜਵਾਲਾ ਨਾਲ ਭਰਿਆ ਹੋਇਆ ਹੈ। ਆਪਣੀ ਈਮਾਨਦਾਰੀ, ਪ੍ਰਤੀਬੱਧਤਾ ਅਤੇ ਲੋਕ ਹਿਤੈਸ਼ੀ ਰਵੱਈਏ ਕਾਰਨ ਅੱਜ ਗੁਰਸ਼ਰਨ ਸਿੰਘ ਨਾ ਸਿਰਫ਼ ਇਕ ਵਿਅਕਤੀ ਹੈ, ਨਾ ਕੇਵਲ ਉਹ ਇਕ ਸੰਸਥਾ ਹੈ ਅਤੇ ਨਾ ਮਹਿਜ਼ ਇਕ ਲਹਿਰ ਹੈ, ਉਹ ਇਕ 'ਜਜ਼ਬਾ' ਬਣ ਗਿਆ ਹੈ, ਉਹ ਇਕ ਸਾਰਥਿਕ ਜੀਵਨ ਜਾਂਚ ਦਾ ਨਾਂ ਹੈ ਅਤੇ ਉਹ ਇਕ 'ਆਦਰਸ਼ ਪੁਰਸ਼' ਹੈ। ਜੀਵਨ ਦੇ ਸੱਤ ਦਹਾਕਿਆਂ ਨੂੰ ਪਾਰ ਕਰ ਚੁੱਕੇ ਪੰਜਾਬ ਦੇ ਇਸ ਆਦਰਸ਼ ਪੁੱਤਰ ਨੂੰ ਮੇਰਾ ਸਤਰੰਗਾਂ ਸਲਾਮ।

***ਆਤਮਜੀਤ***

ਇਹ ਸ਼ਾਇਦ 1993 ਮਾਰਚ ਜਾਂ ਅਪਰੈਲ ਦੀ ਗੱਲ ਹੈ, ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਗੁਰਸ਼ਰਨ ਸਿੰਘ ਹੋਰਾਂ ਦਾ ਰੂ-ਬ-ਰੂ ਸੀ। 1992 ਦਸੰਬਰ ਅਤੇ ਉਸ ਤੋਂ ਬਾਅਦ ਜੋ ਕੁਝ ਹੋਇਆ ਸੀ, ਉਹ ਸਭ ਕੁਝ ਅਜੇ ਹਰਿਆ ਸੀ। ਇਕ ਸਰੋਤੇ ਨੇ ਕਿਸੇ ਬਦੇਸ਼ੀ ਟੈਲੀਵੀਜ਼ਨ ਤੋਂ ਦਿਖਾਈ ਫਿਲਮ ਦਾ ਜ਼ਿਕਰ ਕੀਤਾ, ਜਿਸ ਵਿਚ ਇਹ ਦਿਖਾਇਆ ਗਿਆ ਸੀ ਕਿ ਭਾਰਤ ਵਿਚ ਕਿਸੇ ਥਾਂ 'ਤੇ ਮੁਸਲਮਾਨ ਔਰਤਾਂ ਨੂੰ ਨੰਗਿਆਂ ਕਰਕੇ ਉਹਨਾਂ ਦਾ ਜਲੂਸ ਕੱਢਿਆ ਗਿਆ ਸੀ। ਇਕ ਹੋਰ ਸਰੋਤੇ ਨੇ ਕਿਹਾ ਕਿ ਇਸ ਵਿਚ ਕਿਹੜੀ ਖਾਸ ਗੱਲ ਹੈ, ਇਹ ਤਾਂ ਸਾਡੇ ਸ਼ਹਿਰ ਅੰਮ੍ਰਿਤਸਰ ਵਿਚ ਵੀ ਹੋਇਆ ਸੀ, ਸੰਨ 47 'ਚ। ਇਥੇ ਵੀ ਇਕ ਜਲੂਸ ਕੱਢਿਆ ਗਿਆ ਸੀ, ਜਿਸ ਵਿਚ ਔਰਤਾਂ ਨੂੰ ਇਸੇ ਤਰ੍ਹਾਂ ਨੰਗਿਆਂ ਕਰਕੇ ਬੇਪਤੀ ਕੀਤੀ ਗਈ ਸੀ। ਉਸ ਸਮੇਂ ਦੇ ਮਸ਼ਹੂਰ ਨੇਤਾ ਉਸ ਜਲੂਸ ਵਿਚ ਘੋੜਿਆਂ 'ਤੇ ਨਾਲ ਨਾਲ ਸਨ। ਇਹ ਜਲੂਸ ਕੱਟੜਾ ਜੈਮਲ ਸਿੰਘ ਤੋਂ ਸ਼ੁਰੂ ਹੋਇਆ ਸੀ। ਗੁਰਸ਼ਰਨ ਸਿੰਘ ਆਪਣੇ ਅੰਦਾਜ਼ ਵਿਚ ਉੱਠੇ ਤੇ ਉਹਨਾਂ ਦੱਸਿਆ ਕਿ ਇਹ ਜਲੂਸ ਜ਼ਰੂਰ ਨਿਕਲਿਆ ਸੀ, ਪਰ ਇਹ ਜਲੂਸ ਰੋਕਿਆ ਵੀ ਗਿਆ ਸੀ।... ਉਹਨਾਂ ਨੇ ਦੱਸਿਆ ਕਿ ਜਿਹਨਾਂ ਨੇ ਉਸ ਜਲੂਸ ਨੂੰ ਰੋਕਿਆ ਸੀ, ਉਹਨਾਂ ਵਿਚ ਉਹ

ਆਪ ਅਤੇ ਉਹਨਾਂ ਦੀ ਭੈਣ ਸਨ। ਉਹਨਾਂ ਦੀ ਭੈਣ ਨੇ ਅਗਾਂਹ ਹੋ ਕੇ ਕਿਹਾ ਸੀ ਕਿ ਜੇ ਇਹ ਜਲੂਸ ਨਾ ਰੋਕਿਆ ਗਿਆ ਅਤੇ ਇਹ ਬੇਪਤੀ ਬੰਦ ਨਾ ਕੀਤੀ ਗਈ ਤਾਂ ਉਹ ਆਪ ਵੀ ਆਪਣੇ ਕੱਪੜੇ ਪਾੜ ਕੇ ਇਸ ਜਲੂਸ ਵਿਚ ਸ਼ਾਮਲ ਹੋ ਜਾਵੇਗੀ, ਮੁਸਲਮਾਨ ਔਰਤਾਂ ਨਾਲ...। ਤੇ ਫਿਰ ਜਲੂਸ ਰੁਕ ਗਿਆ ਸੀ, ਰੋਕ ਦਿੱਤਾ ਗਿਆ ਸੀ। ਮੈਂ ਬੋਲ ਰਹੇ ਗੁਰਸ਼ਰਨ ਸਿੰਘ ਹੋਰਾਂ ਦਾ ਚਿਹਰਾ ਦੇਖ ਰਿਹਾ ਸਾਂ। ਉਸ ਸਮੇਂ ਉਹਨਾਂ ਨੂੰ ਦੇਖ ਕੇ ਮੈਨੂੰ ਲੱਗਾ ਤੇ ਹੁਣ ਵੀ ਮੈਂ ਇਹ ਮਹਿਸੂਸ ਕਰਦਾ ਹਾਂ ਕਿ ਗੁਰਸ਼ਰਨ ਸਿੰਘ ਦੀ ਪੰਜਾਬ ਨੂੰ ਦੇਣ ਸਿਰਫ਼ ਸਾਹਿਤਕ ਹੀ ਨਹੀਂ, ਉਹ ਪੰਜਾਬ ਦੇ ਇਤਿਹਾਸ ਦਾ ਹਿੱਸਾ ਹਨ। ਇਸ ਇਤਿਹਾਸ ਨਾਲ ਬਹਿਸ ਜਾਂ ਤਰਕ ਨਹੀਂ ਕੀਤਾ ਜਾ ਸਕਦਾ।

***ਸਵਰਾਜਬੀਰ***

ਨੇਤਾ ਤਾਂ ਬਹੁਤ ਹਨ, ਪਰ ਸ਼ਹੀਦੇ ਆਜ਼ਮ ਭਗਤ ਸਿੰਘ ਤੋਂ ਬਾਅਦ ਪੰਜਾਬੀ ਜੀਵਨ ਨੂੰ ਜੇ ਕੋਈ ਨਾਇਕ ਮਿਲਿਆ ਹੈ, ਤਾਂ ਉਹ ਹੈ, ਭਗਤ ਸਿੰਘ ਦੀ ਲੜਾਈ ਨੂੰ ਜਾਰੀ ਰੱਖਣ ਵਾਲਾ ਅਤੇ ਉਸਦੀ ਸੋਚ ਨੂੰ ਆਪਣੇ ਨਾਟਕਾਂ ਦੇ ਜਰੀਏ ਪਿੰਡਾਂ ਦੀਆਂ ਜੂਹਾਂ ਤਕ ਲੈ ਕੇ ਜਾਣ ਵਾਲਾ ਗੁਰਸ਼ਰਨ ਸਿੰਘ। ਮੰਡੀਵਾਦ ਦੇ ਇਸ ਦੌਰ ਵਿਚ ਸਾਹਿਤ ਸਿਰਫ਼ ਮੁਕਾਬਲਿਆਂ ਲਈ ਲਿਖਿਆ ਜਾਂਦਾ ਹੈ ਜਾਂ ਪੁਰਸਕਾਰ ਪ੍ਰਾਪਤੀ ਲਈ। ਆਪਣੀ ਕਲਾ ਨੂੰ ਸਿਰਫ਼ ਲੋਕਾਂ ਨੂੰ ਸਮਰਪਤ ਕਰਕੇ ਗੁਰਸ਼ਰਨ ਸਿੰਘ ਨੇ ਸਾਹਿਤ ਦੇ ਵੀ ਨਵੇਂ ਅਰਥ ਸਿਰਜੇ ਹਨ ਅਤੇ ਗੁਰਸ਼ਰਨ ਸਿੰਘ ਹੋਣ ਦੇ ਵੀ। ਪਿੰਡਾਂ ਦੇ ਲੋਕਾਂ ਦੀ ਅਤੇ ਲੋਕਾਂ ਦੇ ਜੀਵਨ ਦੀ ਸ਼ਾਇਦ ਹੀ ਕੋਈ ਅਜਿਹੀ ਦੁੱਖਦੀ ਰਗ ਹੋਵੇ, ਜਿਸ ਉਪਰ ਗੁਰਸ਼ਰਨ ਸਿੰਘ ਨੇ ਆਪਣਾ ਪਿਆਰ ਭਰਿਆ ਹੱਥ ਨਾ ਰੱਖਿਆ ਹੋਵੇ। ਹੋਰ ਨਾਇਕ ਹੋਣ ਦੇ ਕੀ ਅਰਥ ਹੁੰਦੇ ਹਨ ?

***ਪ੍ਰੋ. ਭੁਪਿੰਦਰ ਪਾਲੀ***

ਜੇਕਰ ਅਸੀਂ ਪੰਜਾਬ ਦੇ ਇਤਿਹਾਸ 'ਤੇ ਝਾਤੀ ਮਾਰੀਏ ਤਾ ਸਾਡਾ ਇਤਿਹਾਸ ਨਾਇਕਾਂ ਨਾਲ ਭਰਿਆ ਪਿਆ ਹੈ, ਪਰ ਨਾਇਕ ਦਾ ਸੰਕਲਪ ਸ਼ਹੀਦ ਭਗਤ ਸਿੰਘ 'ਤੇ ਆ ਕੇ ਰੁਕ ਜਾਂਦਾ ਹੈ ਤੇ ਇਹਦੇ ਨਾਲ ਹੀ ਜੇ ਭਾਅ ਜੀ ਗੁਰਸ਼ਰਨ ਸਿੰਘ ਦੀ ਇਨਕਲਾਬੀ ਰੰਗਮੰਚ ਜੱਦੋਜਹਿਦ ਤੇ ਨਜ਼ਰ ਮਾਰੀਏ ਤਾਂ ਸ਼ਹੀਦ ਭਗਤ ਸਿੰਘ ਤੋਂ ਬਾਅਦ ਸਿਰਫ਼ ਗੁਰਸ਼ਰਨ ਸਿੰਘ ਹੀ ਪੰਜਾਬੀਆਂ ਦਾ ਅਸਲੀ ਨਾਇਕ ਬਣ ਕੇ ਉੱਠਦਾ ਹੈ।

ਭਾਅ ਜੀ ਗੁਰਸ਼ਰਨ ਸਿੰਘ ਪੰਜਾਬੀ ਰੰਗਮੰਚ ਦਾ ਜਿਉਂਦਾ ਜਾਗਦਾ ਇਤਿਹਾਸ ਹੈ, ਇਕ ਤੁਰੀ ਫਿਰਦੀ ਦੰਦ-ਕਥਾ। ਭਾਅ ਜੀ ਗੁਰਸ਼ਰਨ ਸਿੰਘ ਪੰਜਾਬੀ ਰੰਗਮੰਚ ਦਾ ਮਹਾਰਾਜਾ ਰਣਜੀਤ ਸਿੰਘ ਹੈ। ਸਾਡੇ ਸਮਿਆਂ ਦੇ ਇਸ ਲੋਕ ਨਾਇਕ ਬਾਰੇ ਗੱਲ ਕਰਨ ਲੱਗਿਆਂ, ਸਾਰੇ ਹੀ ਲਫ਼ਜ਼ ਛੋਟੇ ਪੈ ਜਾਂਦੇ ਨੇ ਕਿਉਂਕਿ ਭਾਅ ਜੀ ਦਾ ਕੰਮ ਬਹੁਤ ਵੱਡਾ ਹੈ। ਇਹ ਲੋਕ ਨਾਇਕ ਜੋ ਪਿਛਲੇ ਪੰਜਾਹ ਸਾਲਾਂ ਵਿਚ ਨਾ ਕਦੀ ਰੁਕਿਆ ਹੈ ਨਾ ਕਦੀ ਥੱਕਿਆ ਹੈ, ਅਜਿਹੀ ਸਖ਼ਸ਼ੀਅਤ ਦਾ ਸਨਮਾਨ ਕਰਨਾ ਲੋਕ ਲਹਿਰਾਂ ਦਾ ਸਨਮਾਨ ਹੈ। ਕਿਉਂਕਿ ਭਾਅ ਜੀ ਗੁਰਸ਼ਰਨ ਸਿੰਘ ਕਿਸੇ ਵੀ ਸਨਮਾਨ ਤੋਂ ਉੱਚੇ ਨੇ, ਭਾਅ ਜੀ

ਜਿਸ ਸਮਾਗਮ ਵਿਚ ਚਲੇ ਜਾਣ, ਉਹ ਸਮਾਗਮ ਆਪਣੇ ਆਪ ਹੀ ਸਨਮਾਨਿਤ ਹੋ ਜਾਂਦਾ ਹੈ।

ਪਰ ਇਕ ਸਨਮਾਨ ਭਾਅ ਜੀ ਲਈ ਹਾਲੇ ਬਾਕੀ ਹੈ, ਜੋ ਅਸੀਂ ਸਭ ਨੇ ਮਿਲ ਕੇ ਕਰਨਾ ਹੈ। ਜਿਵੇਂ ਇੰਗਲੈਂਡ ਵਿਚ ਮਹਾਨ ਨਾਟਕਕਾਰ ਸ਼ੈਕਸ਼ਪੀਅਰ ਦੇ ਘਰ ਹੈ, ਲੋਕਾਂ ਨੇ ਇਕ ਮਿਊਜ਼ੀਅਮ ਦੇ ਤੌਰ 'ਤੇ ਸਾਂਭਿਆ ਹੈ, ਸਾਡਾ ਵੀ ਫਰਜ਼ ਬਣਦਾ ਹੈ ਕਿ ਸਾਡੇ ਸਮਿਆਂ ਦੇ ਇਸ ਸੈਕਸ਼ਪੀਅਰ ਦੇ ਅੰਮ੍ਰਿਤਸਰ ਵਿਚਲੇ ਘਰ ਨੂੰ ਰੰਗਮੰਚ ਦੇ ਮੱਕੇ ਵਜੋਂ ਸਾਂਭ ਲਿਆ ਜਾਵੇ, ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਇਸ ਲੋਕ ਨਾਇਕ ਦੇ ਪਾਏ ਪੂਰਨਿਆਂ 'ਤੇ ਤੁਰ ਸਕਣ ਤੇ ਜ਼ਿੰਦਗੀ ਨੂੰ ਰੁਸ਼ਨਾ ਸਕਣ।

***ਕੇਵਲ ਧਾਲੀਵਾਲ***

ਗੁਰਸ਼ਰਨ ਸਿੰਘ ਜੀ ਦਾ ਨਾਂ ਇਕ ਲੋਕ ਕਥਾ ਬਣ ਗਿਆ ਹੈ। ਪੰਜਾਬੀ ਥੀਏਟਰ ਨੂੰ ਉਹ ਲੋਕਾਂ ਦੇ ਵਿਹੜਿਆਂ ਤਕ ਲੈ ਜਾ ਕੇ ਉਹਨਾਂ ਦੇ ਮਨਾਂ ਅੰਦਰ ਉਭਾਰਨ ਵਿਚ ਸਫਲ ਹੋਏ ਹਨ। ਗੁਰਸ਼ਰਨ ਸਿੰਘ ਨੇ ਆਪਣੇ ਪੇਂਡੂ ਲੋਕਾਂ ਨੂੰ ਉਹਨਾਂ ਦੀਆਂ ਸਮਾਜਿਕ, ਆਰਥਿਕ, ਧਾਰਮਿਕ ਅਤੇ ਰਾਜਨੀਤਕ ਸਮੱਸਿਆਵਾਂ ਬਾਰੇ ਆਪਣੇ ਨਾਟਕਾਂ ਰਾਹੀਂ ਜਾਗਰਤ ਕੀਤਾ ਹੈ। ਉਹਨਾਂ ਦੇ ਨਾਟਕ ਬਿਨਾਂ ਖੌਫ ਦੇ ਹਰ ਭ੍ਰਿਸ਼ਟ ਨੂੰ ਖੁੱਲੇਆਮ ਭੰਡ ਰਹੇ ਹਨ, ਚਾਹੇ ਉਹਨਾਂ ਦਾ ਰੁਤਬਾ ਕਿੰਨਾ ਵੀ ਉੱਚਾ ਹੋਵੇ। ਪੰਜਾਬੀ ਵਿਚ ਕਿਸੇ ਵੀ ਨਾਟਕਕਾਰ ਲੋਕ ਮਨਾਂ ਦੇ ਸਭ ਤੋਂ ਵਧੇਰੇ ਨੇੜੇ ਹੋਇਆ ਤਾਂ ਉਹ ਗੁਰਸ਼ਰਨ ਸਿੰਘ ਜੀ ਹੀ ਹਨ। ਅੱਜ ਇਸ ਮਹਾਨ ਲੋਕ ਨਾਇਕ ਨੂੰ ਉਹ ਸਨਮਾਨ ਦੇਣਾ ਦਰਅਸਲ ਲੋਕਾਂ ਦਾ ਆਪਣਾ ਸਨਮਾਨ ਹੈ।

***ਬਲਦੇਵ ਸਿੰਘ, ਰੰਗ ਮੰਚ ਮੋਗਾ***

ਗੁਰਸ਼ਰਨ ਸਿੰਘ ਕੇਵਲ ਇਕ ਅਗਰਗਾਮੀ ਨਾਟਕਕਾਰ ਹੀ ਨਹੀਂ, ਲੋਕ ਨਾਇਕ ਵੀ ਹੈ। ਉਹ ਨਾਟਕ ਲਈ ਨਾਟਕ ਨਹੀਂ ਲਿਖਦਾ, ਉਹ ਲੋਕਾਂ ਲਈ ਨਾਟਕ ਲਿਖਦਾ ਹੈ ਅਤੇ ਉਹਨਾਂ ਦਾ ਮੰਚਨ ਕਰਦਾ ਹੈ। ਬਰਨਾਰਡ ਸ਼ਾਅ ਵਾਂਗ ਉਸਦਾ ਵਿਸ਼ਵਾਸ਼ ਹੈ ਕਿ ਕਲਾ, ਕਲਾ ਲਈ ਨਹੀਂ ਹੁੰਦਾ। ਲੋਕਾਂ ਲਈ ਹੁੰਦੀ ਹੈ। ਆਪਣੀ ਵਿਚਾਰਧਾਰਾ ਦਾ ਪ੍ਰਚਾਰ, ਉਹ ਪੂਰੀ ਸ਼ਿੱਦਤ ਤੇ ਦਲੇਰੀ ਨਾਲ ਕਰਦਾ ਹੈ ਤੇ ਇਸ ਵਿਚ ਉਹ ਕਿਸੇ ਤਰ੍ਹਾਂ ਦਾ ਬੰਧਨ ਸਵੀਕਾਰ ਨਹੀਂ ਕਰਦਾ। ਉਹ ਲੋਕ ਵਿਰੋਧੀ ਤਾਕਤਾਂ ਦਾ ਦੁਸ਼ਮਣ ਹੈ। ਭਾਵੇਂ ਉਹ ਮੂਲਵਾਦੀ ਹੋਣ, ਭਾਵੇਂ ਸਰਕਾਰੀ। ਉਹ ਲੋਕ ਪੱਖੀ ਸੰਘਰਸ਼ਾਂ ਦਾ ਆਗੂ ਹੈ ਤੇ ਉਸਦਾ ਹਰ ਸਾਹ ਲੋਕ ਹੱਕਾਂ ਦੀ ਰਾਖੀ ਲਈ ਸਮਰਪਤ ਹੈ।

***ਡਾ. ਸ. ਨ. ਸੇਵਕ***

ਭਾਅ ਜੀ ਗੁਰਸ਼ਰਨ ਸਿੰਘ ਪੰਜਾਬ ਦੀ ਅਣਖ ਦਾ ਮਾਨ ਹੈ। ਗੁਰਸ਼ਰਨ ਸਿੰਘ ਦੀ ਗਰਜ ਵਿਚ ਅਸਮਾਨ ਗੂੰਜਦਾ ਹੈ। ਧਰਤੀ ਦੀ ਹੂਕ ਬੋਲਦੀ ਹੈ। ਗੁਰਸ਼ਰਨ ਸਿੰਘ ਸਾਡੇ ਸਰਾਪੇ ਸਮਿਆਂ ਦਾ ਆਫਤਾਬੀ ਹੁੰਗਾਰਾ ਹੈ। ਗੁਰਸ਼ਰਨ ਸਿੰਘ ਅੰਬਰ ਵਿਚਲਾ ਹਸਤਾਖਰ ਹੈ। ਗੁਰਸ਼ਰਨ ਸਿੰਘ ਜੜ੍ਹ ਵਿਵਸਥਾ ਲਈ ਚਾਬਕ ਹੈ। ਗੁਰਸ਼ਰਨ ਸਿੰਘ ਚਾਰੇ

ਪਾਸੇ ਫੈਲੇ ਅੰਧਕਾਰ ਦਾ ਜਗਦਾ ਸੂਰਜ ਹੈ। ਗੁਰਸ਼ਰਨ ਸਿੰਘ ਜਨਸਮੂਹ ਦਾ ਨਾਇਕ ਹੈ। ਇਨਕਲਾਬ, ਇਨਕਲਾਬ ਕੂਕਣ ਵਾਲੀਆਂ ਪਾਰਟੀਆਂ, ਦੌਲਤ, ਲੋਭ, ਕੁਰਸੀ ਮੋਹ ਵਿਚ ਮੋਨ ਹਨ। ਗੁਰਸ਼ਰਨ ਸਿੰਘ ਸੁੱਚਾ ਇਨਕਲਾਬੀ ਹੈ। ਗੁਰਸ਼ਰਨ ਸਿੰਘ ਪੰਜਾਬ ਦੇ ਸਹੀ ਇਨਕਲਾਬੀ ਇਤਿਹਾਸ ਦਾ ਵਾਰਸ ਹੈ। ਗੁਰਸ਼ਰਨ ਸਿੰਘ ਸਾਡਾ ਲੈਨਿਨ ਹੈ। ਗੁਰਸ਼ਰਨ ਸਿੰਘ ਸਾਡਾ ਮਾਓ ਹੈ। ਭਾਅ ਜੀ ਗੁਰਸ਼ਰਨ ਸਿੰਘ ਦੀ ਆਵਾਜ਼ ਨੂੰ, ਗੁਰਸ਼ਰਨ ਸਿੰਘ ਦੀ ਕਲਾ ਨੂੰ, ਕਲਮ ਨੂੰ, ਗੁਰਸ਼ਰਨ ਸਿੰਘ ਦੇ ਮੰਚ ਨੂੰ ਸਾਡਾ ਦਿਲੀ ਸਲਾਮ!

*ਪ੍ਰੋ. ਹਮਦਰਦਵੀਰ ਨੌਸ਼ਹਿਰਵੀ*

ਭਾਅ ਜੀ, ਗੁਰਸ਼ਰਨ ਸਿੰਘ ਰੰਗ ਮੰਚ ਦਾ ਭੀਸ਼ਮ ਪਿਤਾਮਾ ਹੈ, ਜੋ ਉਦੋਂ ਤੱਕ ਤੀਰਾਂ ਦੀ ਸੇਜ 'ਤੇ ਕਸ਼ਟ ਸਹਿਣ ਲਈ ਤਿਆਰ ਹੈ ਜਦ ਤਕ ਬਰਾਬਰੀ ਅਤੇ ਨਿਆਂਵਾਲਾ ਸਮਾਜ ਨਹੀਂ ਸਿਰਜਿਆ ਜਾਂਦਾ। ਭਾਅ ਜੀ ਦੇ ਰੰਗ ਮੰਚ ਦਾ ਮੀਰੀ ਗੁਣ ਇਹ ਹੈ ਕਿ ਬਿਨਾਂ ਕਿਸੇ ਤਕਨੀਕੀ ਰੂਪ ਦੀ ਗੁਲਾਮੀ ਕੀਤਿਆਂ, ਇਸ ਨੇ ਸਿੱਧਿਆਂ ਲੋਕ-ਪੱਖੀ ਸੰਘਰਸ਼ ਦੀ ਬਾਤ ਪਾਈ ਹੈ। ਭਾਅ ਜੀ ਲਈ ਮਹੱਤਵਪੂਰਨ ਹੈ ਕਿ ਕੀ ਕਹਿਣਾ ਹੈ ਤੇ ਕਿਸ ਨੂੰ ਕਹਿਣਾ ਹੈ ਨਾ ਕਿ ਕਿਵੇਂ ਕਹਿਣਾ ਹੈ। ਹਾਲਾਂ ਕਿ ਪੰਜਾਬੀ ਰੰਗਮੰਚ ਦੇ ਆਲੋਚਕਾਂ ਸਾਹਮਣੇ ਉਹਦੀ ਇਕ ਵੱਡੀ ਵੰਗਾਰ ਹੈ ਕਿ ਭਾਅ ਜੀ ਦੇ ਰੰਗ ਮੰਚ ਦਾ "ਕਿਵੇਂ ਕਹਿਣਾ ਹੈ" ਵਾਲਾ ਪੱਖ ਸਮਝਣ ਦੀ ਕੋਸ਼ਿਸ਼ ਕਰਨ ਅਤੇ ਇਸਦੀ ਵਾਜਬ ਵਿਆਖਿਆ ਵੀ ਕਰਨ। ਇਸ ਸਾਡੇ ਸਮਿਆਂ ਦਾ ਅਤਿ ਮਹੱਤਵਪੂਰਨ ਸੱਚ ਹੈ ਕਿ ਭਾਅ ਜੀ ਗੁਰਸ਼ਰਨ ਸਿੰਘ ਵਰਗਾ ਸੰਸਥਾ ਰੂਪੀ ਵਿਅਕਤੀ ਸਾਡੇ ਰੰਗ ਮੰਚ ਦੀ ਅਗਵਾਈ ਕਰ ਰਿਹਾ ਹੈ। ਜਦੋਂ ਇਕ ਪਾਸੇ ਥੀਏਟਰ ਨੂੰ ਈਲੀਟ ਦੇ ਵੇਖਣ ਅਤੇ ਸਮਝਣਯੋਗ ਕਲਾ ਦੇ ਰੂਪ ਵਿਚ ਪਰਚਾਰਿਆ ਜਾ ਰਿਹਾ ਹੋਵੇ, ਉਦੋਂ ਇਸ ਕਲਾ ਨੂੰ ਹਥਿਆਰ ਬਣਾ ਕੇ ਕੰਮੀਆਂ ਦੇ ਵਿਹੜਿਆਂ ਤੱਕ ਲੈ ਜਾਣ ਵਾਲਾ ਗੁਰਸ਼ਰਨ ਸਿੰਘ ਆਪਣੇ ਆਪ ਵਿਚ ਇਕ ਵਿਲੱਖਣ ਵਰਤਾਰਾ ਹੈ। ਭਾਅ ਜੀ ਗੁਰਸ਼ਰਨ ਸਿੰਘ ਪੰਜਾਬੀ ਨਾਟਕ ਦਾ ਕੱਲ੍ਹ, ਅੱਜ ਅਤੇ ਭਲਕ ਹੈ। ਜਦੋਂ ਤੱਕ ਪੰਜਾਬੀ ਨਾਟਕ ਦੀ ਲੋਕਾਂ ਤੱਕ ਰਸਾਈ ਰਹੇਗੀ, ਭਾਅ ਜੀ ਦੀ ਦੇਣ ਅਤੇ ਪ੍ਰਭਾਵ ਉਸ ਵਿਚੋਂ ਦ੍ਰਿਸ਼ਟੀਕੋਣ ਹੁੰਦਾ ਰਹੇਗਾ।

ਮੇਰੀ, ਰੰਗ ਮੰਚ ਵਿਚ ਸਭ ਤੋਂ ਵੱਧ ਮਾਣ ਕਰਨ ਲਾਇਕ ਗੱਲ ਇਹੀ ਹੈ ਕਿ ਗਰੀਬ ਲੋਕਾਂ ਨੂੰ ਜਾਗਣ ਦੀ ਸੰਦੇਸ਼ ਦੇਣ ਵਾਲੇ, ਰੰਗਮੰਚ ਦੇ ਇਸ ਸਿਪਾਹ-ਸਿਲਾਰ ਦੀ ਫੌਜ ਦਾ, ਮੈਂ ਵੀ ਇਕ ਅਦਨਾ ਜਿਹਾ ਸਿਪਾਹੀ ਹਾਂ। ਉਮੀਦ ਹੀ ਨਹੀਂ, ਵਿਸ਼ਵਾਸ਼ ਹੈ ਕਿ ਭਾਅ ਜੀ ਗੁਰਸ਼ਰਨ ਸਿੰਘ ਵੱਲੋਂ ਆਰੰਭੇ ਇਸ ਕਾਫ਼ਲੇ ਦੀ ਤੋਰ ਕਦੇ ਮੱਧਮ ਨਹੀਂ ਹੋਵੇਗੀ ਅਤੇ ਇਕ ਦਿਨ ਇਨਸਾਨ ਦੇ ਜੀਣ ਲਾਇਕ ਮਾਹੌਲ ਸਿਰਜਿਆ ਜਾਵੇਗਾ। ਲੋਕ ਪੱਖੀ ਰੰਗ ਮੰਚ ਦੇ ਇਸ ਸੂਹੇ ਗੁਲਾਬ ਨੂੰ ਸਲਾਮ।

*ਡਾ. ਸਾਹਿਬ ਸਿੰਘ* (ਅਦਾਕਾਰ ਮੰਚ ਮੁਹਾਲੀ)

ਗੁਰਸ਼ਰਨ ਭਾਅ ਜੀ, ਜਦੋਂ ਤੁਸੀਂ ਇਕ ਸੌ ਪੰਜਾਹ ਸਾਲਾਂ ਦੇ ਹੋ ਜਾਓਗੇ ਤਾਂ ਸਾਡੇ ਵਰਗੇ ਸੌ ਸਾਲਾਂ ਦੇ, ਉਦੋਂ ਅਸੀਂ ਤੁਹਾਡੇ ਵੱਲ ਇਸ਼ਾਰਾ ਕਰਕੇ ਖਿੜਦੇ ਫੁੱਲਾਂ ਨੂੰ ਪੁਛਾਂਗੇ

ਕਿ ਤੁਸੀਂ ਜਾਣਦੇ ਹੋ ਕਿ ਇਹ ਇਨਸਾਨ ਕੌਣ ਹੈ ? ਸਾਨੂੰ ਪੱਕਾ ਵਿਸ਼ਵਾਸ਼ ਹੈ ਕਿ ਉਹ ਕਹਿਣਗੇ ਕਿ "ਹਾਂ, ਅਸੀਂ ਪਹਿਚਾਣਦੇ ਹਾਂ, ਇਹ ਸਾਡੇ ਗੁਰਸ਼ਰਨ ਭਾਅ ਨੇ।" ਉਹ ਇਹ ਵੀ ਕਹਿਣਗੇ ਕਿ "ਇਹਨਾਂ ਨੂੰ ਸਾਡੀ ਗੋਦ 'ਚ ਬਿਠਾਇਓ ਤਾਂ ਕਿ ਇਹ ਥੋੜ੍ਹਾ ਆਰਾਮ ਕਰ ਲੈਣ ਨਹੀਂ ਤਾਂ ਇਹਨਾਂ ਨੇ ਰੁਕ ਕੇ ਕਦੀ ਆਰਾਮ ਵੀ ਨਹੀਂ ਕਰਨਾ।" ਸਾਡਾ ਅੱਜ ਵੀ ਇਹ ਗੱਲ ਕਹਿਣ ਨੂੰ ਦਿਲ ਕਰਦਾ ਹੈ ਕਿ ਉਹਨਾਂ ਵੱਲੋਂ ਹਮੇਸ਼ਾਂ ਸਾਡਾ ਹੌਸਲਾ ਵਧਾਉਣ ਲਈ ਧੰਨਵਾਦ।

***ਵਿਨੈ-ਚਾਰੁਲ, ਅਹਿਮਦਾਬਾਦ***

ਸ. ਗੁਰਸ਼ਰਨ ਸਿੰਘ ਬਾਮਕਸਦ ਰੰਗਕਰਮੀ ਹਨ। ਉਹਨਾਂ ਨੇ ਆਪਣੀ ਬਹੁ-ਪਰਤੀ ਸਖਸ਼ੀਅਤ ਦੀ ਹਰ ਪਰਤ ਅੰਦਰ ਮਿਸ਼ਨ ਦਾ ਰੰਗ ਘੋਲ ਲਿਆ ਹੈ। ਸੁਚੇਤਕ ਰੰਗਮੰਚ ਮੁਹਾਲੀ ਦਾ ਗੁਰਸ਼ਰਨ ਸਿੰਘ ਨਾਟ ਉਤਸਵ ਇਸ ਮਿਸ਼ਨ ਨੂੰ ਸਲਾਮ ਵਜੋਂ ਸ਼ੁਰੂ ਹੋਇਆ ਸੀ। ਸਾਡੇ ਮਨ ਵਿਚ ਸਵਾਲ ਸੀ—ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਤਾਂ ਭਾਅ ਜੀ ਨੂੰ ਸਲਮਾਨਤ ਕਰ ਰਹੀਆਂ ਹਨ, ਪਰ ਅਸੀਂ ਕਲਾਕਾਰ, ਜਿਹਨਾਂ ਉਹਨਾਂ ਤੋਂ ਬਹੁਤ ਕੁਝ ਸਿੱਖ ਕੇ ਬੇਅੰਤ ਪ੍ਰਾਪਤੀਆਂ ਕੀਤੀਆਂ ਹਨ, ਉਹਨਾਂ ਲਈ ਕੀ ਕਰ ਸਕੇ ਹਾਂ ? ਇਸ ਸਵਾਲ ਦਾ ਜਵਾਬ ਹੀ ਉਸਤਵ ਦਾ ਰੂਪ ਅਖਤਿਆਰ ਕਰ ਗਿਆ। ਅਸਾਂ ਸਮੂਹ ਪੰਜਾਬੀ ਰੰਗ ਕਰਮੀਆਂ ਦੀ ਤਰਫ਼ੋਂ, "ਗਰੀਬ ਰੰਗਮੰਚ ਦੀ ਅਮੀਰ ਪਰੰਪਰਾ" ਦਾ ਖਿਤਾਬ ਪੇਸ਼ ਕੀਤਾ। ਇਸ ਵਾਰ ਅਸੀਂ "ਪੰਜਾਬੀ ਰੰਗਮੰਚ ਦਾ ਮਹਾਂਨਾਇਕ" ਵਿਸ਼ੇਸ਼ਣ ਨਾਲ ਮੁਖਾਤਬ ਹੋਏ ਹਾਂ। ਪਰ 11 ਜਨਵਰੀ ਵਾਲੇ ਜਨਤਕ ਸਨਮਾਨ ਸਮਾਗਮ ਦੇ ਅਵਸਰਾਂ 'ਤੇ ਬੜੀ ਸ਼ਿੱਦਤ ਨਾਲ ਮਹਿਸੂਸ ਕਰਦੇ ਹਾਂ ਕਿ ਉਹ ਤਾਂ ਸਮੁੱਚੀ ਸੰਘਰਸ਼ਸ਼ੀਲ ਪੰਜਾਬੀਅਤ ਦੇ ਮਹਾਂ ਨਾਇਕ ਹਨ। ਅਜਿਹੇ ਖਿਤਾਬ ਕਿਸੇ ਵਿਅਕਤੀ ਵਿਸ਼ੇਸ਼ ਦੀ ਉਪਭਾਵਕਤਾ 'ਚੋਂ ਤਹਿ ਨਹੀਂ ਹੁੰਦੇ, ਸਗੋਂ ਇਤਿਹਾਸ ਖੁਦ-ਬ-ਖੁਦ ਮਹਾਨ ਸਖਸ਼ੀਅਤ ਨੂੰ ਅਜਿਹੇ ਖਿਤਾਬ ਪ੍ਰਦਾਨ ਕਰ ਦਿੰਦਾ ਹੈ। ਇਕ ਰੰਗ ਕਰਮੀ ਦਾ ਜਨਤਕ ਸਨਮਾਨ ਇਸ ਸੱਚ ਦਾ ਇਜ਼ਹਾਰ ਹੈ। ਅਸੀਂ ਕਲਾਕਾਰ, ਪੰਜਾਬ ਦੀ ਮਹਾਨ ਜਨਤਾ ਨੂੰ ਸਲਾਮ ਕਰਦੇ ਹਾਂ, ਜਿਹਨਾਂ ਦੀ ਜ਼ਿੰਦਗੀ ਬਦਲਣ ਲਈ ਭਾਅ ਜੀ ਨੇ ਤਮਾਮ ਉਮਰ ਥੀਏਟਰ ਕੀਤਾ ਹੈ।

***ਅਨੀਤਾ-ਸ਼ਬਦੀਸ਼*** (ਸੁਚੇਤਕ ਰੰਗਮੰਚ ਮੁਹਾਲੀ)

ਇਪਟਾ ਲਹਿਰ ਦੇ ਰੰਗਕਰਮੀਆਂ-ਜੋਗਿੰਦਰ ਬਾਹਰਲਾ, ਤੇਰਾ ਸਿੰਘ ਚੰਨ, ਜਗਦੀਸ਼ ਫਰਿਆਦੀ ਤੇ ਨਰਿੰਦਰ ਦੁਸਾਂਝ ਦੀ ਸਮਾਜੀ ਚੇਤਨਾ ਹੀ ਗੁਰਸ਼ਰਨ ਦੇ ਰੰਗਮੰਚ ਦਾ ਆਧਾਰ ਬਣੀ ਹੈ। ਇਸ ਚੇਤਨਾ ਦੇ ਵਿਸਥਾਰ ਦੀਆਂ ਨਵੀਆਂ ਸੰਭਾਵਨਾਵਾਂ ਦੀ ਤਲਾਸ਼ ਸਦਕਾ ਹੀ ਗੁਰਸ਼ਰਨ ਸਿੰਘ ਸਮਾਜੀ ਚੇਤਨਾ ਦੇ ਰੰਗਮੰਚ ਦਾ ਪ੍ਰਤੀਕ ਬਣ ਗਏ ਹਨ।

ਜੇ ਗੁਰਸ਼ਰਨ ਸਿੰਘ ਇਪਟਾ ਲਹਿਰ ਦੀਆਂ ਪੈੜਾਂ 'ਤੇ ਕੇ ਨਵੇਂ ਦਿਸਹੱਦੇ ਸਿਰਜ ਸਕੇ, ਤਾਂ ਇਹ ਨਵਾਂ ਈਡੀਅਮ ਤਲਾਸ਼ ਕਰਨ ਸਦਕਾ ਹੀ ਸੰਭਵ ਹੋਇਆ ਹੈ। ਇਹ

ਈਡੀਅਮ ਹੀ ਉਨ੍ਹਾਂ, ਜੋ ਸੰਭਵ ਸੀ, ਉਹੀ ਰੰਗਮੰਚ ਕਰਕੇ ਤਲਾਸ਼ ਕੀਤਾ ਹੈ। ਹਰਪਾਲ ਟਿਵਾਣਾ, ਮੈਂ ਜਿਨ੍ਹਾਂ ਦੇ ਰੰਗਮੰਚ ਦਾ ਹਿੱਸਾ ਰਿਹਾ ਹਾਂ, ਗੰਭੀਰ ਯਤਨਾਂ ਤੇ ਯੋਗਤਾਵਾਂ ਦੇ ਹੁੰਦਿਆਂ ਵੀ, ਜੇ ਸਥਾਈ ਸਫ਼ਲਤਾ ਹਾਸਲ ਨਹੀਂ ਕਰ ਸਕੇ, ਤਾਂ ਇਹਦਾ ਇਕ ਹੀ ਕਾਰਨ ਹੈ ਕਿ ਉਨ੍ਹਾਂ ਦੇ ਯਤਨਾਂ 'ਚ ਸੁਪਨਸਾਜ਼ੀ ਦਾ ਦਖ਼ਲ ਜ਼ਿਆਦਾ ਸੀ ਤੇ ਜ਼ਮੀਨੀ ਸਚਾਈ ਦੀ ਪਕੜ ਘੱਟ ਸੀ। ਇਸ ਤੋਂ ਇਕ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਅਗਲੀਆਂ ਪੀੜ੍ਹੀਆਂ ਦਾ ਰੰਗਮੰਚ ਵੀ ਜ਼ਮੀਨੀ ਸਚਾਈਆਂ 'ਤੇ ਹੀ ਉਸਰਨਾ ਹੈ। ਇਹ ਨਿਸ਼ਚੇ ਹੀ ਨਵੀਆਂ ਹੋਣਗੀਆਂ ਤੇ ਇਨ੍ਹਾਂ 'ਤੇ ਪਕੜ ਹੀ ਭਵਿੱਖ ਰੰਗਮੰਚ ਦੀ ਸਫ਼ਲਤਾ ਲਈ ਗਰੰਟੀ ਹੋਵੇਗੀ।

**ਦਵਿੰਦਰ ਦਮਨ** ('ਸੁਚੇਤਕ' 'ਚੋਂ ਧੰਨਵਾਦ ਸਹਿਤ)

ਭਾਅ ਜੀ ਗੁਰਸ਼ਰਨ ਸਿੰਘ ਜੀ ਦਾ ਸਮਕਾਲੀ ਹੋਣਾ ਮਾਣ ਦਾ ਮੁੱਦਾ ਹੈ। ਅਗਲੀਆਂ ਪੀੜ੍ਹੀਆਂ ਨਾਲ, ਉਹਨਾਂ ਨਾਲ ਬਿਤਾਏ ਪਲ ਅਤੇ ਉਹਨਾਂ ਤੋਂ ਸਿੱਖੀ ਜੀਵਨ ਜਾਚ ਮਾਣ ਨਾਲ ਸਾਂਝੀ ਕੀਤੀ ਜਾ ਸਕਦੀ ਹੈ। ਉਹ ਇਕ ਕਲਾਕਾਰ ਤੇ ਸਿਆਸੀ ਕਾਰਕੁੰਨ ਹੋਣ ਦੇ ਲਾਲ ਨਾਲ ਤੁਰਦੀ ਫਿਰਦੀ ਜੀਵਨ ਜਾਚ ਹਨ। ਸੱਠ ਸਾਲਾਂ ਦੇ ਸਰਗਰਮ ਜੀਵਨ ਵਿਚ ਪ੍ਰਤੀਬੱਧਤਾ, ਭਾਵੁਕਤਾ ਤੇ ਨਿਡਰਤਾ ਦੀ ਸ਼ਿੱਦਤ ਬਣਾਈ ਰੱਖਣਾ ਉਹਨਾਂ ਨੂੰ ਮਿਸਾਲੀ ਮਨੁੱਖ ਬਣਾਉਂਦਾ ਹੈ।

ਉਹਨਾਂ ਬਾਰੇ ਫਿਲਮ ਬਣਾਉਂਦਿਆਂ, ਉਹਨਾਂ ਨੂੰ ਸਟੇਜ, ਸਮਾਜ ਅਤੇ ਘਰ ਵਿਚ ਬਹੁਤ ਨੇੜਿਉਂ ਦੇਖਣ ਦਾ ਮੌਕਾ ਮਿਲਿਆ ਹੈ। ਉਹ ਜਿਹਨਾਂ ਗੱਲਾਂ ਨੂੰ ਨਾਟਕ ਦਾ ਮੁੱਦਾ ਬਣਾਉਂਦੇ ਹਨ, ਉਹਨਾਂ ਨੂੰ ਘਰ ਵਿਚ ਬੈਠ ਕੇ ਪਰਿਵਾਰਜਨਾਂ ਤੇ ਹੋਰ ਆਉਣ ਵਾਲਿਆਂ ਨਾਲ ਵਿਚਾਰਦੇ ਹਨ ਅਤੇ ਸਿਆਸੀ ਇਕੱਠ ਵਿਚ ਸਪੱਸ਼ਟਤਾ ਨਾਲ ਰੱਖਦੇ ਹਨ। ਉਹ ਨਿੰਸਗ ਆਲੋਚਨਾ ਕਰਦੇ ਹਨ ਅਤੇ ਬਹੁਤ ਹੀ ਸਹਿਜ ਸਰੋਤੇ ਹਨ। ਉਹ ਇਕ ਤਾਕਤਵਰ ਸਖ਼ਸ਼ੀਅਤ ਅਤੇ ਜਮੂਹਰੀ ਮੁੱਲਾਂ ਦਾ ਸੁਮੇਲ ਹਨ।

ਨਵੀਂ ਪੀੜ੍ਹੀ ਨਾਲ ਸੰਵਾਦ ਦੇ ਮਾਮਲੇ ਵਿਚ ਉਹ ਗੰਭੀਰਤਾ ਨਾਲ ਕਹਿੰਦੇ ਹਨ, "ਸਾਡੀ ਆਲੋਚਨਾ ਕਰੋ, ਤਰਕ ਨਾਲ ਰੱਦ ਕਰੋ, ਪਰ ਗੱਲ ਕਰੋ।" ਫਿਰਕੂ ਅੱਤਵਾਦ ਦੇ ਦੌਰ ਵਿਚ ਅਤੇ ਉਸਤੋਂ ਬਾਅਦ ਪੰਜਾਬ ਦਾ ਬੌਧਿਕ ਸੰਕਟ ਜਦੋਂ ਕਲਾ ਦੀਆਂ ਵਿਧਾਵਾਂ, ਇੱਕਲਤਾ, ਨੰਗੇਜ਼, ਭੰਬਲਭੂਸੇ ਅਤੇ ਖਪਤ ਦੇ ਵਿਸ਼ਿਆਂ ਤਕ ਡਿੱਗ ਜਾਂਦਾ ਹੈ ਤਾਂ ਗੁਰਸ਼ਰਨ ਸਿੰਘ ਹੋਰ ਉੱਚੀ ਆਵਾਜ਼ ਵਿਚ ਹੋਰ ਸਪੱਸ਼ਟ ਬੋਲਦੇ ਹਨ। ਜਦੋਂ ਬੁੱਧੀਜੀਵੀਆਂ ਨੇ ਵਿਚਾਰ ਵਟਾਂਦਰੇ ਦੀ ਔਖੀ ਭਾਸ਼ਾ ਸਿਰਜ ਕੇ ਆਮ ਲੋਕਾਈ ਨਾਲੋਂ ਸੰਵਾਦ ਤੋੜਿਆ ਹੈ, ਉਸ ਵੇਲੇ ਗੁਰਸ਼ਰਨ ਸਿੰਘ ਨੇ ਲੋਕ ਭਾਸ਼ਾ ਵਿਚ ਨਵੇਂ ਗਿਆਨ ਅਤੇ ਸਿਆਸੀ ਸੂਝ ਨੂੰ ਲੋਕਾਂ ਦੇ ਵਿਹੜਿਆਂ ਤਕ ਪਹੁੰਚਦਾ ਕੀਤਾ ਹੈ। ਮੇਰੀ ਪੀੜ੍ਹੀ ਜਦੋਂ ਇਤਿਹਾਸ ਨੂੰ ਸੰਬੋਧਿਤ ਹੁੰਦੀ ਹੈ ਤਾਂ ਜਿਥੇ ਬਹੁਤ ਸਾਰੇ ਖੱਪਿਆਂ, ਊਤਾਈਆਂ ਅਤੇ ਅਸਪੱਸ਼ਟਤਾਵਾਂ ਦਾ ਸਾਹਮਣਾ ਹੈ ਉਥੇ ਗੁਰਸ਼ਰਨ ਸਿੰਘ ਦੀ ਲਾਗਾਤਾਰਤਾ ਵਿਚ ਖੜ੍ਹੇ ਹੋਣ ਦਾ ਮਾਣ ਵੀ ਮਹਿਸੂਸ ਕਰਦੀ ਹੈ। ਲੋਕ ਸਰੋਕਾਰਾਂ ਨਾਲ ਜੁੜੀ ਸਿਆਸਤ

ਨੂੰ ਲੋਕ ਕਲਾ ਵਿਚ ਢਾਲਣ ਦੀ ਲਟ ਲਟ ਬਲਦੀ ਲਾਟ ਨੂੰ ਗੁਰਸ਼ਰਨ ਭਾਅ ਜੀ ਨੇ ਬਹੁਤ ਔਖੇ ਸਮੇਂ ਵਿਚ ਵੀ ਜਾਗਦਿਆਂ ਰੱਖ ਕੇ ਬਹੁਤ ਵੱਡਾ ਕੰਮ ਕੀਤਾ ਹੈ।

**ਦਲਜੀਤ ਅਮੀਂ** (ਗੁਰਸ਼ਰਨ ਸਿੰਘ ਦਾ ਮਾਣਮੱਤਾ ਸਮਕਾਲੀ )

ਲੋਕ-ਪੱਖੀ, ਇਨਕਲਾਬੀ ਥੀਏਟਰ ਨੂੰ ਪੰਜਾਬ ਦੇ ਕੋਨੇ ਕੋਨੇ 'ਚ ਲਿਜਾਣ ਵਾਲੇ ਗੱਡਿਆਂ ਦੀਆਂ ਸਟੇਜਾਂ ਬਣਾ ਕੇ, ਥੜ੍ਹਿਆਂ 'ਤੇ ਨਾਟਕ ਖੇਡ ਕੇ, ਲੋਕਾਂ ਦੇ ਮਨਾਂ ਅੰਦਰ ਆਪਣੇ ਇਨਕਲਾਬੀ ਚੇਤਨਾ ਪੈਦਾ ਕਰਨ ਵਾਲੇ ਇਨਕਲਾਬੀ ਨਾਟਕ ਲਹਿਰ ਦੇ ਸ਼੍ਰੋਮਣੀ ਉਸਰੱਈਏ ਭਾਅ ਜੀ ਗੁਰਸ਼ਰਨ ਸਿੰਘ ਨੂੰ ਕੌਣ ਨਹੀਂ ਜਾਣਦਾ। ਮੈਨੂੰ ਵੀ ਉਹਨਾਂ ਨੇ ਕੰਮ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਮੇਰੀ ਤਾਂ ਉਹਨਾਂ ਨੇ ਜ਼ਿੰਦਗੀ ਹੀ ਬਦਲ ਦਿੱਤੀ। ਮੈਂ ਦੂਸਰੇ ਗੀਤ ਗਾਇਆ ਕਰਦਾ ਸੀ। 1969 ਵਿਚ ਮੈਂ ਸਠਿਆਲੇ ਪਿੰਡ ਭਾਅ ਜੀ ਦੇ ਨਾਟਕ ਵੇਖੇ ਤਾਂ ਮੇਰੇ 'ਤੇ ਡੂੰਘਾ ਪ੍ਰਭਾਵ ਪਿਆ। ਮੈਨੂੰ ਮੇਰਾ ਮਕਸੱਦ ਲੱਭ ਗਿਆ। ਮੈਂ ਭਾਅ ਜੀ ਦੇ ਨਾਟਕ ਗਾਂਧੀ ਗਰਾਊਂਡ ਅੰਮ੍ਰਿਤਸਰ ਵੇਖਣ ਜਾਂਦਾ ਤਾ ਅਖੀਰ ਸੱਤ ਸਾਲ ਬਾਅਦ 1975 ਵਿਚ ਮੈਂ ਭਾਅ ਜੀ ਨੂੰ ਮਿਲਿਆ ਤਾਂ ਮੈਨੂੰ ਕਹਿਣ ਲੱਗੇ, "ਹੰਸਾ ਸਿੰਘ ਅਸੀਂ ਤੈਨੂੰ ਬਿਆਸ ਫਲਾਇੰਗ ਮੇਲ ਵਿਚ ਮਿਲਾਂਗੇ ਤੇ ਖੰਨੇ ਦੀ ਟਿਕਟ ਲੈ ਲਵੀਂ।" ਤੇ ਉਸ ਦਿਨ ਗੱਡੀ ਵਿਚ ਹੀ ਮੇਰੇ ਕੰਨਾਂ ਵਿਚ ਲੋਕ ਪੱਖੀ ਰੰਗਮੰਚ ਦੀਆਂ ਮੁੰਦਰਾਂ ਪੈ ਗਈਆਂ ਤੇ ਮੈਨੂੰ ਯੋਗ ਮਿਲ ਗਿਆ। ਮੇਰੇ ਹੱਥ ਵਿਚ "ਕਿਵ ਕੂੜਿ ਤੂਟੇ ਪਾਲਿ" ਨਾਟਕ ਦੀ ਸਕਰਿਪਟ ਸੀ। ਉਸ ਦਿਨ ਮੈਂ ਬਹੁਤ ਖੁਸ਼ ਸੀ। 1975, 1976 ਅਤੇ 1977 ਤਿੰਨ ਕੁਲਵਕਤੀ ਦੇ ਤੌਰ 'ਤੇ ਐਮਰਜੈਂਸੀ ਦੌਰਾਨ ਨਾਟਕ ਕੀਤੇ। 1978 ਤੋਂ ਲੈ ਕੇ ਅੱਜ ਤਕ ਭਾਅ ਜੀ ਦੇ ਦਰਸਾਏ ਰਾਹ "ਰੰਗ ਮੰਚ ਮਿਹਨਤਕਸ਼ ਲੋਕਾਂ ਲਈ" 'ਤੇ ਤੁਰ ਰਿਹਾ ਹਾਂ।

ਅੱਜ ਇਨਕਲਾਬੀ ਜਮੂਹਰੀ ਲਹਿਰ ਵੱਲੋਂ ਭਾਅ ਜੀ ਦਾ ਜੋ "ਇਨਕਲਾਬੀ ਨਿਹਚਾ ਸਨਮਾਨ" ਹੋ ਰਿਹਾ ਹੈ, ਇਹ ਵਿਲੱਖਣ ਹੈ। ਇਸ ਤਰ੍ਹਾਂ ਦਾ ਸਨਮਾਨ ਅੱਜ ਤੋਂ ਪਹਿਲਾਂ ਮੈਂ ਕਦੇ ਕਿਸੇ ਦਾ ਨਹੀਂ ਵੇਖਿਆ। ਪਰ ਇਨਕਲਾਬੀ ਨਾਟਕ ਲਹਿਰ ਦੇ ਸ਼੍ਰੋਮਣੀ ਉਸਰੱਈਏ ਤੇ ਰੰਗਮੰਚ ਦੇ ਬਾਬਾ ਬੋਹੜ ਭਾਅ ਜੀ ਗੁਰਸ਼ਰਨ ਸਿੰਘ ਨੇ ਕੋਈ ਘੱਟ ਘਾਲਣਾ ਨਹੀਂ ਕੀਤੀ। ਸਾਰੀ ਜ਼ਿੰਦਗੀ ਬਿਨਾਂ ਕਿਸੇ ਲਾਲਚ ਦੇ, ਪੂਰੀ ਇਮਾਨਦਾਰੀ, ਤਨਦੇਹੀ ਅਤੇ ਸਿਰੜ ਨਾਲ, ਆਪਣੀ ਸਿਹਤ ਦੀ ਪ੍ਰਵਾਹ ਕੀਤੇ ਬਿਨਾਂ, ਪਿੰਡ ਪਿੰਡ ਨਾਟਕ ਕੀਤੇ ਤੇ ਠੋਕ ਵਜਾ ਕੇ ਕਿਹਾ ਕਿ "ਇਹ ਨਾ ਬਰਾਬਰੀ ਦਾ ਸਮਾਜ ਹੈ, ਇਸ ਸਮਾਜ ਨੂੰ ਬਦਲਣਾ ਹੈ।"

ਪੰਜਾਬ ਵਿਚ ਜਿਸ ਸਿਰੜ ਨਾਲ, ਇਨਕਲਾਬੀ ਰੰਗਮੰਚ ਦੀ ਜੋਤ ਭਾਅ ਜੀ ਨੇ ਜਗਾਈ ਹੈ, ਭਾਅ ਜੀ ਦੇ ਉਸ ਉੱਦਮ ਤੇ ਸਿਰੜ ਨੂੰ ਸਲਾਮ! ਅੱਜ ਦੇ ਇਸ ਸਨਮਾਨ ਸਮਾਰੋਹ 'ਤੇ ਅਸੀਂ ਅਹਿਦ ਕਰਦੇ ਹਾਂ ਕਿ ਇਸ ਜਗਦੀ ਜੋਤ ਨੂੰ ਬੁਝਣ ਨਹੀਂ ਦਿਆਂਗੇ- ਤੇਰੀਆਂ ਪਾਈਆਂ ਪਗਡੰਡੀਆਂ 'ਤੇ ਤੁਰਦੇ ਰਹਾਂਗੇ ਭਾਵੇਂ ਕਿੰਨਾਂ ਵੀ ਮੁੱਲ ਕਿਉਂ ਨਾ ਚੁਕਾਉਣਾ ਪਵੇ।

**ਹੰਸਾ ਸਿੰਘ** (ਨਿਰਦੇਸ਼ਕ ਨਵਚਿੰਤਨ ਕਲਾ ਮੰਚ, ਬਿਆਸ)

ਗੁਰਸ਼ਰਨ ਸਿੰਘ ਪੰਜਾਬੀ ਰੰਗਮੰਚ ਦਾ ਅਜੇਹਾ ਸੂਰਜ ਹੈ, ਜੋ ਆਪਣੀਆਂ ਚਮਕਦੀਆਂ ਲਾਲ ਸੁਰਖ਼ ਕਿਰਨਾਂ ਰੂਪੀ ਕਿਰਤਾਂ ਨਾਲ ਜੂਝਦੇ ਲੋਕਾਂ ਦੀ ਰੂਹ ਨਸ਼ਿਆਈ ਰੱਖਦਾ ਹੈ। ਉਹ ਅਜਿਹਾ ਚਾਨਣ ਮੁਨਾਰਾ ਹੈ ਕਿ ਜਦੋਂ ਅਸੀਂ ਤਲਖ਼ ਹਕੀਕਤਾਂ ਦਾ ਸਾਹਮਣਾ ਕਰਦੇ ਥੱਕ ਗਏ ਮਹਿਸੂਸ ਕਰਦੇ ਹਾਂ ਤਾਂ ਉਹ ਸਾਡੇ ਅੰਦਰ ਅਜਿਹੀ ਸ਼ਕਤੀ ਅਤੇ ਮਜ਼ਬੂਤ ਜਜ਼ਬਾ ਭਰਦਾ ਹੈ ਕਿ ਅਸੀਂ ਲੋਕਾਂ ਨਾਲ ਆਪਣੇ ਅਹਿਦ ਪ੍ਰਤੀ ਹੋਰ ਦ੍ਰਿੜ ਹੋ ਜਾਂਦੇ ਹਾਂ। ਉਹ ਸੰਸਥਾ ਹੈ। ਹੌਸਲਿਆਂ ਦਾ ਮਾਣ ਹੈ। ਮੈਂ ਉਹਨਾਂ ਨਾਲ ਕੰਮ ਕਰਕੇ ਸਿਖਿਆ ਹੈ ਕਿ ਲੋਕ ਮੁਕਤੀ ਤੋਂ ਉਰ੍ਹਾਂ ਮੁਕਾਮ ਨਾ ਕੋਈ...

**ਹਰਕੇਸ਼ ਚੌਧਰੀ** (ਲੋਕ ਕਲਾ ਮੰਚ ਮੰਡੀ ਮੁੱਲਾਂਪੁਰ)

ਸ. ਗੁਰਸ਼ਰਨ ਸਿੰਘ ਮਹਿਜ਼ "ਭਾਈ ਮੰਨਾ ਸਿੰਘ" ਨਹੀਂ ਸਗੋਂ ਪੰਜਾਬੀ ਜ਼ਬਾਨ ਦੇ ਲੋਕ-ਪੱਖੀ ਥੀਏਟਰ ਦੀ ਜੀਵੰਤ-ਦਸਤਾਵੇਜ਼ ਹੈ। ਪੰਜਾਬੀ ਰੰਗਮੰਚ ਦੇ ਨਵੇਂ ਮੁਹਾਂਦਰੇ ਦਾ ਘੜਨਹਾਰਾ ਹੈ। ਉਹ ਇਕ ਯੁੱਗ ਹੈ। ਇਕ ਪਿੰਡ ਤੋਂ ਦੂਜੇ ਪਿੰਡ ਤਕ ਭਰਮਣ ਕਰਦਾ ਹੈ। ਮੰਚ ਤੋਂ ਲੋਕ ਮਨਾਂ ਦੇ ਨਾਇਕ ਤਕ ਦਾ ਔਖਾ ਤੇ ਬਿੱਖੜਾ ਪੈਂਡਾ ਤੈਅ ਕਰਨ ਵਾਲਾ ਪਹੁਤਾ ਪਾਂਧੀ ਹੈ-ਗੁਰਸ਼ਰਨ ਸਿੰਘ।

ਅਸੀਂ ਖੁਸ਼ ਨਸੀਬ ਹਾਂ ਜਿਹਨਾਂ ਉਸਨੂੰ ਇਕ ਨਾਟਕਕਾਰ ਤੋਂ ਦੰਦ ਕਥਾ ਬਣਦਿਆਂ ਆਪਣੇ ਅੱਖੀਂ ਤੱਕਿਆ ਹੈ।

ਭਾਅ ਜੀ ਨਾਲ ਉਹਨਾਂ ਦੀ ਸਿਆਸੀ ਸੋਚ ਅਤੇ ਰੰਗ-ਮੰਚ ਦੇ ਢੰਗ ਤਰੀਕਿਆਂ ਬਾਰੇ ਅਸਿਹਮਤੀ ਦਰਜ ਕਰਵਾਉਣ ਵਾਲੇ ਲੋਕ ਵੀ, ਗੁਰਸ਼ਰਨ ਸਿੰਘ ਅੰਦਰ ਧੜਕਦੇ ਦਿਲ ਦੀਆਂ ਡੂੰਘਾਈਆਂ 'ਚ ਗਰੀਬ ਲੋਕਾਈ ਦੇ ਦਰਦ ਨੂੰ ਸਲਾਮ ਕਰਦੇ ਹਨ। ਉਸਦੀ ਬਹੁ-ਪੱਖੀ ਸਖ਼ਸ਼ੀਅਤ ਦੇ ਸੰਸਥਾ ਵਰਗੇ ਕਾਰਜਾਂ ਨੂੰ ਸਿਜਦਾ ਕਰਦੇ ਹਨ, ਉਹਨਾਂ ਅੰਦਰਲੇ ਅਥਾਹ ਊਰਜਾ ਦੇ ਸੋਮੇ ਤੋਂ ਨਿੱਘ ਲੈ ਕੇ ਤੁਰਦੇ ਹਨ।

ਮਿਥਿਹਾਸ ਦਾ ਇਕ ਪਾਤਰ ਹੈ-ਰਕਤ ਬੀਜ। ਕਹਿੰਦੇ ਨੇ ਜਿਥੇ ਉਸ ਦੇ ਖ਼ੂਨ ਦਾ ਕਤਰਾ ਡਿੱਗਦਾ ਸੀ, ਉਥੇ ਇਕ ਹੋਰ ਕਰਤ ਬੀਜ ਪੈਦਾ ਹੋ ਜਾਂਦਾ। ਗੁਰਸ਼ਰਨ ਭਾਅ ਜੀ ਦੀ ਲੋਕ-ਪੱਖੀ ਥੀਏਟਰ ਲਈ ਕੀਤੀ ਮੁੱਸ਼ਕਤ ਦੌਰਾਨ ਡਿਗੇ ਪਸੀਨੇ ਦੀਆਂ ਬੂੰਦਾਂ 'ਚੋਂ ਸੈਂਕੜੇ ਅਜਮੇਰ ਔਲਖ, ਆਤਮਜੀਤ, ਕੇਵਲ ਧਾਲੀਵਾਲ, ਹੰਸਾ ਸਿੰਘ ਜਾਂ ਫਿਰ ਤਰਲੋਚਨ ਵਰਗੇ ਪੈਦਾ ਹੋਏ ਹੋਣਗੇ ਪਰ ਅਜੇ ਵੀ ਕੋਈ ਗੁਰਸ਼ਰਨ ਸਿੰਘ ਨਹੀਂ ਪੈਦਾ ਹੋ ਸਕਿਆ।

ਅਸੀਂ ਭਾਅ ਜੀ ਨੂੰ ਬੜਾ ਨੇੜਿਉਂ ਤੱਕਿਆ ਹੈ। ਉਸਦੇ ਸਕੂਲ ਵਿਚ ਪੜ੍ਹਦੇ ਹਾਂ। ਅਸੀਂ ਇਕੱਠਿਆਂ ਰੰਗ-ਮੰਚ ਕੀਤਾ, ਉਹਨਾਂ ਦੀ ਸ਼ਖ਼ਸੀਅਤ ਨੂੰ ਸਮਝਣ ਅਤੇ ਸਬਕ ਲੈਣ ਦਾ ਸੁਨਹਿਰੀ ਅਵਸਰ ਜੁੜਿਆ।

ਰੰਗ-ਮੰਚ ਦੇ ਖੇਤਰ ਵਿਚ ਇਹ ਯੁੱਗ ਗੁਰਸ਼ਰਨ ਸਿੰਘ ਦਾ ਯੁੱਗ ਹੈ-ਅਸੀਂ ਉਸ 'ਤੇ ਮਾਣ ਕਰ ਸਕਦੇ ਹਾਂ ਕਿ ਅਸੀਂ ਇਸ ਯੁੱਗ ਵਿਚ ਪੈਦਾ ਹੋਏ ਹਾਂ।

***ਮਾਸਟਰ ਤਰਲੋਚਨ*** (ਨਿਰਦੇਸ਼ਕ ਆਰਟ ਸੈਂਟਰ ਸਮਰਾਲਾ)

ਪੰਜਾਬੀ ਨਾਟਕ ਦੇ ਪਿਤਾਮਾ ਸਰਦਾਰ ਗੁਰਸ਼ਰਨ ਸਿੰਘ ਸ਼ਾਬਦਿਕ ਵਡਿਆਈ ਦੇ ਮੁਹਤਾਜ ਨਹੀਂ। ਪਰ ਜਦੋਂ ਉਹਨਾਂ ਪ੍ਰਤੀ ਲਿਖੀ ਜਾ ਰਹੀ ਕਿਸੇ ਇਬਾਦਤ ਦੀ ਗੱਲ ਹੋਵੇ ਤਾਂ ਅਜਿਹੀ ਅਦਬੀ ਸਖਸ਼ੀਅਤ ਨੂੰ ਸ਼ਬਦਾਂ ਤੋਂ ਬਿਨਾਂ ਸਿਜਦਾ ਸੰਭਵ ਨਹੀਂ। ਉਹ ਇਕ ਅਜਿਹਾ ਦੀਪ ਹੈ ਜਿਸ ਦੀ ਲੋਅ ਲਿਸ਼ਕੋਰ ਵਰਗੀ ਹੈ। ਇਸ ਦੀਪ ਨੇ ਪੰਜਾਬ ਦੇ ਕੋਨੇ ਕੋਨੇ ਵਿਚ ਜਿਹੜੇ ਨਿੱਕੇ ਵੱਡੇ ਦੀਪ ਜਗਾਏ ਹਨ, ਉਹਨਾਂ ਵਿਚੋਂ ਸਾਡਾ ਚੇਤਨਾ ਕਲਾ ਮੰਚ ਚਮਕੌਰ ਸਾਹਿਬ ਵੀ ਇਕ ਹੈ। ਸਾਡਾ ਇਸ ਦੀਪ ਨੂੰ ਪ੍ਰਨਾਮ ਹੈ। ਸਰਦਾਰ ਗੁਰਸ਼ਰਨ ਸਿੰਘ ਵਿਅਕਤੀ ਨਹੀਂ ਸਮੂਹ ਹੈ, ਇਕ ਸੰਸਥਾ ਹੈ। ਮਨੁੱਖੀ ਸੰਵੇਦਨਾ ਦਾ ਦਰਿਆ ਹੈ। ਪ੍ਰੇਰਨਾ ਸਰੋਤ ਹੈ। ਸਾਡਾ ਆਦਰਸ਼ ਹੈ। ਇਸ ਤੋਂ ਵੀ ਵੱਧ ਕੇ ਪਰਬਤੋਂ ਭਾਰੀ ਹਸਤੀ ਹੈ। ਉਸਦੇ ਬੋਲਾਂ ਦੀ ਗੜ੍ਹਕ ਹਰ ਵੰਨਗੀ ਦੇ ਮੌਕਾਪ੍ਰਸਤ ਨੇਤਾਵਾਂ ਨੂੰ ਕੰਬਣੀ ਛੇੜਦੀ ਹੈ। ਉਹ ਕਹਿਣੀ ਅਤੇ ਕਰਨੀ ਦਾ ਸੁਮੇਲ ਰਿਹਾ ਹੈ।

ਹਮੇਸ਼ਾਂ ਵਿਵਸਥਾ ਦੇ ਸਤਾਇਆਂ ਵੱਲ ਖੜ੍ਹ ਕੇ ਉਸਨੇ ਧਰਤੀ ਦੇ ਸਾਊ-ਪੁੱਤ ਵਜੋਂ ਆਪਣੀ ਸਥਾਪਤੀ ਬਣਾਈ ਹੈ। ਉਸ ਨੇ ਆਪਣੀ ਵਿਸ਼ੇਸ਼ ਵਿਧਾ ਦੁਆਰਾ ਵਿਵਸਥਾ ਦੇ ਹਰ ਕੋਹਜ ਨੂੰ ਨਿਸ਼ਾਨਾ ਬਣਾਇਆ ਹੈ। ਕਦੇ ਉਹ ਭਾਈ ਮੰਨਾ ਸਿੰਘ ਬਣਦਾ ਹੈ ਤੇ ਕਦੇ ਭਗਤ ਸਿੰਘ ਦਾ ਬੁੱਤ ਬਣ ਕੇ ਸਾਮਰਾਜੀਆਂ ਦੀ ਨਸਲ ਨੂੰ ਵੰਗਾਰਦਾ ਹੈ। ਕਦੇ ਉਹ ਜ਼ੁਲਮ ਦੀ ਕੰਧ ਟੁੱਟਣ ਦੀ ਬਾਤ ਪਾਉਂਦਾ ਹੈ ਤੇ ਕਦੇ ਉਹ ਔਰਤਾਂ 'ਚ ਜ਼ਾਲਮਾਂ ਵਿਰੁੱਧ ਡਟਣ ਦੀ ਰੂਹ ਫੂਕਦਾ ਹੈ। ਕੁੱਲ ਮਿਲਾ ਕੇ ਉਹ ਵਿਵਸਥਾ ਵਿਰੁੱਧ ਗ਼ਦਰ ਦੀ ਗੱਲ ਕਰਦਾ ਹੈ।

ਕੱਦ ਬੁੱਤ ਅਥਾਹ ਹੈ। ਕਰਨੀ ਕਮਾਲ ਹੈ। ਉਸ ਦੀ ਗਾਥਾ ਅਕੱਥ ਹੈ। ਉਸ ਦਾ ਹਰ ਮਾਣ ਉਸਦੇ ਕਮਾਏ ਵਿਸ਼ੇਸ਼ਣਾਂ ਤੋਂ ਕਿਤੇ ਛੋਟਾ ਹੈ। ਪੰਜਾਬ ਦੇ ਭਲੇ ਜਨ-ਸਮੂਹ ਵੱਲੋਂ ਪਾਈ ਜਾ ਰਹੀ ਉਸ ਦੀ ਵਡਿਆਈ ਦੀ ਸੁਰ ਵਿਚ ਅਸੀਂ ਵੀ ਸੁਰ ਮਿਲਾਉਂਦੇ ਹਾਂ। ਸ਼ਾਲਾ ! ਉਹ ਅਜੇ ਲੰਮਾ ਸਮਾਂ ਸਰੀਰਕ ਤੌਰ 'ਤੇ ਵੀ ਸਾਡੇ ਅੰਗ-ਸੰਗ ਬਣੇ ਰਹਿਣ।

***ਗੁਰਪ੍ਰੀਤ ਕੌਰ*** (ਚੇਤਨਾ ਕਲਾ ਮੰਚ ਚਮਕੌਰ ਸਾਹਿਬ)

ਮੈਂ ਭਾਅ ਜੀ ਦੇ ਨਾਟਕ ਗਰੁੱਪ ਵਿਚ ਉਹਨਾਂ ਦਿਨਾਂ ਵਿਚ ਰਹੀ ਜਦੋਂ ਚੰਡੀਗੜ੍ਹ ਸ਼ਹਿਰ ਵਿਚ ਰਹਿੰਦਿਆਂ ਮੇਰਾ ਮੇਲ ਸ਼ਹਿਰਾਂ ਤੱਕ ਸੀਮਤ ਸੀ। ਇਸ ਗੱਲ ਦਾ ਅਹਿਸਾਸ ਤੱਕ ਨਹੀਂ ਸੀ ਕਿ ਪਿੰਡਾਂ ਵਿਚ ਲੋਕ ਕਿੰਨੀਆਂ ਮੁਸ਼ਕਲਾਂ ਭਰੀ ਜ਼ਿੰਦਗੀ ਜੀ ਰਹੇ ਹਨ। ਉਦੋਂ ਨਹੀਂ ਸੀ ਸੋਚਿਆ ਕਿ ਗੁਰਸ਼ਰਨ ਸਿੰਘ ਨੂੰ ਨਾਟਕ ਕਲਾ ਦੇ ਉਸਤਾਦ ਧਾਰ ਕੇ ਅਤੇ ਰੰਗਮੰਚ ਕਰਮੀਂ, ਸਾਹਿਬ ਸਿੰਘ ਨੂੰ ਜੀਵਨ ਸਾਥੀ ਦੇ ਰੂਪ ਵਿਚ ਅਪਣਾ ਕੇ, ਮੈਂ ਇਕ ਦਿਨ ਉਸ ਲਹਿਰ ਦਾ ਹਿੱਸਾ ਬਣ ਜਾਵਾਂਗੀ ਜਿਸ ਨੂੰ ਲੋਕ ਲਹਿਰ ਕਿਹਾ ਜਾਂਦਾ ਹੈ। 'ਬੇਗਮੋਂ ਦੀ ਧੀ' ਨਾਟਕ ਵਿਚ ਦਲੇਰ ਮਾਸਟਰਨੀ ਦਾ ਰੋਲ ਜਦੋਂ ਮੈਂ ਪਿੰਡਾਂ ਵਿਚ ਕਰਦੀ ਤਾਂ ਮੇਰਾ ਅੰਦਰ ਮਾਣ ਨਾਲ ਭਰ ਜਾਂਦਾ। ਪਿੰਡਾਂ ਦੀਆਂ ਕੁੜੀਆਂ, ਬਹੂਆਂ ਨਾਟਕ ਤੋਂ ਬਾਅਦ ਮਿਲਦੀਆਂ ਤਾਂ ਲਗਦਾ ਭਾਅ ਜੀ ਗੁਰਸ਼ਰਨ ਸਿੰਘ ਦੇ ਰੰਗਮੰਚ ਨੇ ਮੇਰੀ ਜ਼ਿੰਦਗੀ ਨੂੰ ਕਿੰਨੇ ਖੂਬਸੂਰਤ ਰੰਗਾਂ ਨਾਲ ਭਰ ਦਿੱਤਾ ਹੈ। ਭਾਅ ਜੀ ਆਪਣੇ

ਨਾਟਕ ਵਿਚ ਅਤੇ ਘਰੇਲੂ ਜ਼ਿੰਦਗੀ ਵਿਚ ਵੀ, ਔਰਤਾਂ ਦੀ ਬਹੁਤ ਇੱਜ਼ਤ ਕਰਦੇ ਹਨ। ਮੈਨੂੰ ਇਹ ਗੱਲ ਬਹੁਤ ਵਧੀਆ ਲੱਗਦੀ ਸੀ। ਉਹਨਾਂ ਵੱਲੋਂ ਅਤੇ ਦਰਸ਼ਕਾਂ ਵੱਲੋਂ ਮਿਲੀ ਇਸ ਇੱਜ਼ਤ ਨੂੰ ਮੈਂ ਕਿਸੇ ਕੀਮਤੀ ਸੱਗੀਫੁੱਲ ਦੀ ਤਰ੍ਹਾਂ ਆਪਣੇ ਸਿਰ 'ਤੇ ਸਜਾ ਕੇ ਰੱਖਾਂਗੀ ਅਤੇ ਕੋਸ਼ਿਸ਼ ਰਹੇਗੀ ਕਿ ਆਪਣੀ ਸਾਰੀ ਜ਼ਿੰਦਗੀ ਇਸ 'ਚ ਸੱਗੀਫੁੱਲ ਦੀ ਚਮਕ ਬਰਕਰਾਰ ਰਹੇ।

ਆਮ ਤੋਂ ਖਾਸ ਬਣਾ ਦੇਣ ਵਾਲੇ ਬਾਪ ਸਮਾਨ ਭਾਅ ਜੀ ਦੀ ਲੰਮੀ ਉਮਰ ਲਈ ਦੁਆ ਕਰਦੀ ਹਾਂ।

*ਰਾਜਿੰਦਰ ਰੋਜ਼ੀ* (ਅਦਾਕਾਰ ਮੰਚ ਮੁਹਾਲੀ)

ਲੋਕ ਲਹਿਰ ਅਤੇ ਪੰਜਾਬੀ ਰੰਗ-ਮੰਚ ਦਾ ਮਸ਼ਾਲਚੀ ਭਾਅ!

*ਸੈਮੂਅਲ ਜੌਹਨ*

ਲੋਕ ਰੰਗਮੰਚ ਦੇ ਮਹਾਂ-ਨਾਇਕ ਨੂੰ ਸਨਮਾਨ ਸਮਾਰੋਹ 'ਤੇ ਸਲਾਮ ਅਤੇ ਅਜਿਹਾ ਉੱਦਮ ਕਰਨ ਵਾਲੀ ਕਮੇਟੀ ਨੂੰ ਮੁਬਾਰਕਬਾਦ।

ਪ੍ਰੋ. ਸਰਬਜੀਤ ਔਲਖ, ਲੋਕ ਨਾਟਕ ਤੇ ਆਈ. ਥੀਏਟਰ ਠੀਕਰੀਵਾਲਾ (ਬਰਨਾਲਾ)

ਗੁਰਸ਼ਰਨ ਸਿੰਘ ਆਪਣੇ ਆਪ 'ਚ ਹੀ ਇਕ ਨਿਰੰਤਰ ਸਰਗਰਮ ਸੰਸਥਾ ਹਨ। ਗੁਰਸ਼ਰਨ ਭਾਅ ਜੀ 'ਨਾਟਕ ਦੇ ਆਮ ਲੋਕਾਂ ਵੱਲੋਂ ਵੀ ਅਪਣਾਏ ਜਾਣ 'ਚ ਸ਼ਾਨਾਮੱਤੀ ਅਤੇ ਸਿਰਮੌਰ ਭੂਮਿਕਾ ਅਦਾ ਕਰਦੇ ਆ ਰਹੇ ਹਨ। ਉਹਨਾਂ ਦੀ ਅਣਥੱਕ ਮਿਹਨਤ ਨੇ ਰੰਗਮੰਚ ਨੂੰ ਲੋਕਾਂ ਅੰਦਰ ਸਤਿਕਾਰਤ ਸਥਾਨ ਪ੍ਰਦਾਨ ਕੀਤਾ ਹੈ।

ਸਾਡੇ ਵਰਗੇ ਅਣਗਿਣਤ ਰੰਗਕਰਮੀ, ਸਭਿਆਚਾਰਕ ਕਾਮੇ ਉਹਨਾਂ ਤੋਂ ਪ੍ਰੇਰਨਾ ਅਤੇ ਰੌਸ਼ਨੀ ਲੈ ਕੇ ਰੰਗਮੰਚ ਨੂੰ ਆਪਣੇ ਲੋਕਾਂ ਲਈ ਸਮਰਪਤ ਕਰਨ ਦੀ ਦਿਸ਼ਾ ਵਿਚ ਸਰਗਰਮ ਹਨ। ਵਿਸ਼ਾਲ ਪੱਧਰ ਤੇ ਹੋ ਰਹੇ ਜਨਤਕ ਸਨਮਾਨ ਸਮਾਰੋਹ ਵਿਚ ਸਾਡਾ ਇਹ ਅਹਿਦ ਕਰਨਾ ਬਣਦਾ ਹੈ ਕਿ ਅਸੀਂ ਉਹਨਾਂ ਦੇ ਮਿਸ਼ਨ ਨੂੰ ਜਾਰੀ ਰੱਖਾਂਗੇ। ਲੋਕਾਂ ਦੀ ਜ਼ਿੰਦਗੀ ਦਾ ਨਾਟਕ, ਲੋਕਾਂ ਦੀ ਜ਼ਿੰਦਗੀ ਵਿਚ ਨਵੇਂ ਰੰਗ ਭਰਨ ਦਾ ਨਾਟਕ, ਜੋ ਜ਼ਿੰਦਗੀ ਭਰ ਮੁਸ਼ੱਕਤ ਕਰਕੇ ਗੁਰਸ਼ਰਨ ਸਿੰਘ ਭਾਅ ਜੀ ਸਾਡੀ ਜ਼ਿੰਦਗੀ ਦੇ ਮੰਚ ਅੱਗੇ ਪੇਸ਼ ਕਰਦੇ ਆ ਰਹੇ ਹਨ, ਸਦਾ ਸਾਡਾ ਰਾਹ ਦਸੇਰਾ ਰਹੇਗਾ।

*ਕੀਰਤੀ ਕਿਰਪਾਲ* (ਨਾਟਯਮ ਅਭਿਨੇਤਾ ਦਾ ਰੰਗਮੰਚ ਜੈਤੋ)

ਅਸੀਂ ਗੁਰਸ਼ਰਨ ਭਾਅ ਜੀ ਵਲੋਂ ਉਸਾਰੇ ਨਾਟਕ ਥੜ੍ਹੇ ਅਤੇ ਉਹਨਾਂ ਵੱਲੋਂ ਮੁਸ਼ੱਕਤ ਕਰਕੇ ਵਾਹੀ ਬੀਜੀ ਭੋਇੰ ਵਿਚ ਉੱਗੀ ਕਰੂੰਬਲ ਹਾਂ ਸੋ ਲੋਕ ਮਨਾਂ 'ਤੇ ਜੋ ਪੈੜਾਂ, ਗੁਰਸ਼ਰਨ ਭਾਅ ਜੀ ਨੇ, ਲੋਕ ਥੀਏਟਰ ਰਾਹੀਂ ਕੀਤੀਆਂ ਹਨ, ਅਸੀਂ ਕੋਸ਼ਿਸ਼ ਕਰਾਂਗੇ ਕਿ ਉਹਨਾਂ 'ਤੇ ਚੱਲਣ ਲਈ ਆਪਣਾ ਸਭ ਕੁਝ ਨਿਛਾਵਰ ਕਰ ਦੇਈਏ। ਜਨਤਕ ਸਨਮਾਨ ਸਮਾਰੋਹ ਦੇ ਮੌਕੇ ਅਸੀਂ ਅਹਿਦ ਲੈਂਦੇ ਹਾਂ ਕਿ ਅਸੀਂ ਲੋਕਾਂ ਦੀ ਜ਼ਿੰਦਗੀ ਨੂੰ ਸਮਰਪਤ ਰੰਗਮੰਚ ਦੇ ਗੁਰਸ਼ਰਨ ਭਾਅ ਜੀ ਵਲੋਂ ਲਾਏ ਬੂਟੇ ਦੀ ਮਹਿਕ ਘਰ-ਘਰ ਲੈ ਕੇ ਜਾਵਾਂਗੇ।

*ਪ੍ਰਿੰਸੀਪਲ ਸਰਦੂਲ ਸਿੰਘ* (ਏਕਤਾ ਰੰਗਮੰਚ, ਲੱਖਾ (ਮੋਗਾ)

ਗੁਰਸ਼ਰਨ ਸਿੰਘ ਵਰਤਮਾਨ ਦੌਰ ਦੀਆਂ ਯੁੱਧ ਵਰਗੀਆਂ ਹਾਲਤਾਂ ਵਿਚ, ਹਨੇਰੀਆਂ ਅਤੇ ਸਮਾਜ ਵਿਰੋਧੀ ਸ਼ਕਤੀਆਂ ਨੂੰ ਫੈਸਲਾਕੁੰਨ ਲੜਾਈ ਦੇਣ ਵਾਲਾ ਉਹ ਯੋਧਾ ਹੈ, ਜਿਸਨੇ ਆਰਥਿਕ ਅਤੇ ਸਮਾਜਿਕ ਨਿਆਂ ਨੂੰ ਏਜੰਡ 'ਤੇ ਲਿਆ ਕੇ ਲੋਕ ਲਹਿਰ ਉਸਾਰਨ ਵਿਚ ਮਹੱਤਵਪੂਰਨ ਭੂਮਿਕਾ ਅਦਾ ਕੀਤੀ ਹੈ। ਬਿਨਾਂ ਸ਼ੱਕ ਉਹਨਾਂ ਦੀ ਮਿਹਨਤ, ਸਿਰੜ ਅਤੇ ਦ੍ਰਿੜਤਾ ਨੇ ਸਾਡੇ ਲੋਕਾਂ ਨੂੰ ਇਕ ਨਿਵੇਕਲਾ ਨਵਾਂ ਉਤਸ਼ਾਹ ਅਤੇ ਨਵੀਂ ਊਰਜਾ ਪ੍ਰਦਾਨ ਕੀਤੀ ਹੈ, ਜੋ ਕਿਸੇ ਵੀ ਥਾਂ, ਕਿਸੇ ਵੀ ਫਰੰਟ 'ਤੇ ਲੋਕ ਹਿੱਤਾਂ ਲਈ ਲੜਰਹੇ ਹਨ। ਅੱਜ ਸਨਮਾਨ ਸਮਾਰੋਹ ਦੇ ਮੌਕੇ 'ਤੇ ਉਹਨਾਂ ਦੀ ਨਿਹਚਾ ਅਤੇ ਪ੍ਰਤੀਬੱਧਤਾ ਨੂੰ ਸਾਡਾ ਸੱਚਾ ਸਲਾਮ ਹੈ। ਅਜੀਬ ਸਖਸ਼ ਹੈ ਕਿ ਕਿਸੀ ਮੰਜ਼ਲ ਪੇ ਕਭੀ ਨਹੀਂ ਰੁਕਤਾ, ਸਫ਼ਰ ਤਮਾਮ ਹੂਆ ਫਿਰ ਵੀ ਵੋਹ ਸਫ਼ਰ ਮੇਂ ਹੈ।

**ਡਾ. ਕੁਲਦੀਪ ਦੀਪ** (ਸ਼ਹੀਦ ਭਗਤ ਸਿੰਘ ਕਲਾਮੰਚ, ਬੋਹਾ)

ਅਸੀਂ ਗੁਰਸ਼ਰਨ ਭਾਅ ਜੀ ਦੇ ਸਨਮਾਨ ਸਮਾਰੋਹ ਦਾ ਸੁਨੇਹਾ ਦੇਣ ਲਈ ਪਿੰਡ-ਪਿੰਡ ਜਾ ਰਹੇ ਹਾਂ। ਲੋਕਾਂ ਦਾ ਉਤਸ਼ਾਹੀ ਹੁੰਗਾਰਾ ਲੋਕ-ਮਨਾਂ 'ਚ ਉਨ੍ਹਾਂ ਦੇ ਸਤਿਕਾਰ ਦੀ ਗਵਾਹੀ ਦੇ ਰਿਹਾ ਹੈ। ਉਨ੍ਹਾਂ ਨੂੰ ਸਲਾਮ ਭੇਟ ਕਰਨ ਦਾ ਹੰਭਲਾ ਸਾਡੇ ਲਈ ਇਕ ਤਜ਼ਰਬਾ ਹੋ ਨਿਬੜਿਆ ਹੈ। ਅਸੀਂ ਥਾਂ-ਥਾਂ ਗੁਰਸ਼ਰਨ ਭਾਅ ਜੀ ਦੀ ਖਾਲੀ ਮਸ਼ਾਲ ਦੀ ਰੌਸ਼ਨੀ ਵੇਖ ਰਹੇ ਹਾਂ।

**ਹਰਿੰਦਰ ਦੀਵਾਨ** (ਚੇਤਨਾ ਕਲਾ ਮੰਚ, ਬਰਨਾਲਾ)

ਗੁਰਸ਼ਰਨ ਸਿੰਘ ਭਾਅ ਜੀ ਦਾ ਸਨਮਾਨ ਇਕ ਇਤਿਹਾਸਕ ਕਦਮ। ਜ਼ਿੰਦਗੀ ਲੋਕਾਂ ਦੇ ਲੇਖੇ ਲਾਉਣ ਵਾਲੇ ਅਸਲ ਸਨਮਾਨ ਦੇ ਹੱਕਦਾਰ ਹੁੰਦੇ ਹਨ, ਜਿਹਨਾਂ ਵਿਚੋਂ ਗੁਰਸ਼ਰਨ ਸਿੰਘ ਭਾਅ ਜੀ 'ਭਾਈ ਮੰਨਾ ਸਿੰਘ' ਮੁੱਖ ਦਾਅਵੇਦਾਰ ਹਨ। ਇਹਨਾਂ ਦਾ ਸਨਮਾਨ ਕਰਨਾ ਅੱਜ ਸਮੇਂ ਦੀ ਮੁੱਖ ਲੋੜ ਬਣਦੀ ਹੈ। ਕਿਉਂਕਿ ਆਉਣ ਵਾਲਾ ਸਮਾਂ ਸੰਘਰਸ਼ਾਂ ਦਾ ਸਮਾਂ ਹੈ।

**ਅਵਤਾਰ ਸਿੰਘ ਲੰਗੇਰੀ** (ਬਾਲ ਕਲਾ ਮੰਚ ਲੰਗੇਰੀ)

ਲੋਕ-ਪੱਖੀ ਨਾਟਕਾਂ ਦੇ ਪਿਤਾਮਾ ਭਾਅ ਜੀ ਗੁਰਸ਼ਰਨ ਸਿੰਘ, ਪੰਜਾਬ ਦੇ ਮਿਹਨਤਕਸ਼ ਲੋਕਾਂ ਦੀ ਜਿੰਦਜਾਨ ਹਨ। ਉਹ ਮਹਾਨ ਸਖ਼ਸ਼ੀਅਤ ਹਨ, ਜਿਨ੍ਹਾਂ ਨੇ ਪੰਜਾਬ ਅਤੇ ਸਾਡੇ ਦੇਸ਼ ਤਕ ਹੀ ਨਹੀਂ, ਸਗੋਂ ਹੋਰਨਾਂ ਦੇਸ਼ਾਂ ਤਕ ਵੀ ਨਾਟਕ ਖੇਤਰ ਅਤੇ ਹੋਰਨਾਂ ਸਭਿਆਚਾਰਕ ਕਲਾਵਾਂ ਨਾਲ ਜੁੜੇ ਲੋਕਾਂ ਨੂੰ, ਆਪਣੀ ਪ੍ਰਭਾਵਸ਼ਾਲੀ ਨਾਟਕ ਸ਼ੈਲੀ ਰਾਹੀਂ ਲੋਕ-ਹਿੱਤਾਂ ਵੱਲ ਸਮਰਪਤ ਹੋਣ ਲਈ ਪ੍ਰਭਾਵਿਤ ਕੀਤਾ ਹੈ। ਉਹਨਾਂ ਨੇ ਸਿਰਫ਼ ਪਿੰਡ-ਪਿੰਡ ਤਕ ਕਿਰਤੀ ਲੋਕਾਂ ਲਈ ਇਨਕਲਾਬੀ ਨਾਟਕਾਂ ਨੂੰ ਪਹੁੰਚਾਉਣ ਦਾ ਵੱਡਮੁੱਲਾ ਕਾਰਜ ਹੀ ਨਹੀਂ ਨਿਭਾਇਆ, ਸਗੋਂ ਅਗਾਂਹਵਧੂ ਸਾਹਿਤ, ਪੁਸ਼ਤਕ ਸਭਿਆਚਾਰ, ਆਡੀਓ-ਵੀਡੀਓ ਕੈਸਟਾਂ ਅਤੇ ਸਟੇਜ ਪ੍ਰੋਗਰਾਮਾਂ ਲਈ ਵੱਡਮੁੱਲਾ ਆਰਥਿਕ, ਬੌਧਿਕ ਅਤੇ ਕਲਾਤਮਿਕ ਯੋਗਦਾਨ ਦੇ ਕੇ ਮੋਹਰੀ ਰੋਲ ਨਿਭਾਇਆ ਹੈ। ਉਹਨਾਂ ਨੇ ਸਮੇਂ ਸਮੇਂ ਮਿਹਨਤਕਸ਼ ਲੋਕਾਂ ਦੀ ਹੋ ਰਹੀ ਲੁੱਟ-ਖਸੁੱਟ ਅਤੇ ਜਬਰ -ਜ਼ੁਲਮ

ਵਿਰੁੱਧ ਆਪਣੇ ਨਿਧੜਕ ਵਿਚਾਰਾਂ ਰਾਹੀਂ, ਕਲਾਤਮਿਕ ਪੱਧਰ 'ਤੇ ਵੀ, ਸਮੂਹ ਇਨਸਾਫਪਸੰਦ ਲੋਕ ਪੱਖੀ ਸ਼ਕਤੀਆਂ ਵਿਚ ਅਥਾਹ ਹਰਮਨ-ਪਿਆਰਤਾ ਖੱਟੀ ਹੈ। ਉਹ ਸਮੂਹ ਇਨਕਲਾਬੀ ਸ਼ਕਤੀਆਂ ਦੀ ਸਰਬ-ਸਾਂਝੀ ਸਖ਼ਸ਼ੀਅਤ ਹੈ, ਜਿਸ ਨੇ ਇਨਕਲਾਬੀ ਵਿਚਾਰਾਂ 'ਤੇ ਪਹਿਰਾ ਦਿੰਦਿਆਂ, ਆਹਲਾ ਦਰਜੇ ਦੀ ਅਫਸਰੀ ਨੂੰ ਤਿਲਾਂਜਲੀ ਦੇ ਕੇ ਆਪਣੀ ਸਮੁੱਚੀ ਜ਼ਿੰਦਗੀ ਆਪਣੇ ਮਿਹਨਤਕਸ਼ ਤਬਕੇ ਨੂੰ ਚੇਤਨ ਕਰਨ ਲਈ ਸਮਰਪਤ ਕੀਤੀ। ਉਹਨਾਂ ਨੇ ਆਪਣੇ ਅਮੁੱਲੇ ਵਿਚਾਰਾਂ ਪ੍ਰਤੀ ਕਮਾਲ ਦੀ ਨਿਸਚਾ ਅਤੇ ਪ੍ਰਤੀਬੱਧਤਾ ਦੀ ਮਿਸਾਲ ਪੈਦਾ ਕੀਤੀ ਹੈ। 11 ਜਨਵਰੀ 2006 ਨੂੰ ਕੁੱਸਾ ਵਿਖੇ ਪੰਜਾਬ ਦੀ ਸਮੁੱਚੀ ਇਨਕਲਾਬੀ ਜਮਹੂਰੀ ਲਹਿਰ ਨੇ ਵਕਤ ਦੀ ਨਬਜ਼ ਨੂੰ ਪਹਿਚਾਣਦਿਆਂ, ਉਹਨਾਂ ਨੂੰ ਸਲਾਮ ਅਤੇ ਸਨਮਾਨ ਕਰਨ ਦੀ ਮਹੱਤਵਪੂਰਨ ਸਰਗਰਮੀ ਵਿੱਢੀ ਹੈ। ਅਸੀਂ ਸੰਗੀਤ ਅਤੇ ਇਨਕਲਾਬੀ ਸੱਭਿਆਚਾਰ ਨਾਲ ਜੁੜੇ ਹੋਣ ਦੇ ਨਾਤੇ ਇਸ ਮੌਕੇ ਅਹਿਦ ਕਰਦੇ ਹਾਂ ਕਿ ਅਸੀਂ ਗੁਰਸ਼ਰਨ ਭਾਅ ਜੀ ਵੱਲੋਂ ਲੋਕਾਂ ਦੀ ਜ਼ਿੰਦਗੀ ਨੂੰ ਬਦਲਣ ਵਾਲੀ ਛੇੜੀ ਸੁਰਾਂ ਦੀ ਤਰੰਗ ਨੂੰ ਸਮਝਣ, ਅਪਣਾਉਣ ਅਤੇ ਅਗੇਰੇ ਤੋਰਨ ਲਈ ਸਿਰਤੋੜ ਯਤਨ ਜਾਰੀ ਰੱਖਾਂਗੇ।

*ਮਾਸਟਰ ਰਾਮ ਕੁਮਾਰ* (ਲੋਕ ਸੰਗੀਤ ਮੰਡਲੀ, ਭਦੌੜ)

ਨੇਕੀ ਅਤੇ ਬਦੀ ਦੀ ਲੜਾਈ ਕਾਫ਼ੀ ਲੰਮੇ ਸਮੇਂ ਤੋਂ ਚਲੀ ਆ ਰਹੀ ਹੈ। ਜਦੋਂ ਜ਼ੁਲਮ ਦੀ ਅੱਤ ਹੁੰਦੀ ਹੈ, ਉਦੋਂ ਹਾਲਾਤ ਯੋਧਿਆਂ ਨੂੰ ਉੱਠਣ ਲਈ ਮਜ਼ਬੂਰ ਕਰ ਦਿੰਦੇ ਹਨ। ਜਿਸ ਤਰ੍ਹਾਂ ਬਾਬਾ ਨਾਨਕ ਤੇ ਹੋਰ ਸਿੱਖ ਗੁਰੂ-ਭਗਤੀ ਲਹਿਰ ਦੇ ਭਗਤ, ਗ਼ਦਰੀ ਬਾਬੇ, ਚਾਚਾ ਅਜੀਤ ਸਿੰਘ, ਭਗਤ ਸਿੰਘ, ਊਧਮ ਸਿੰਘ ਵਰਗੇ ਸਮੇਂ ਸਮੇਂ ਆਪਣੇ ਢੰਗਾਂ ਨਾਲ ਮਜ਼ਬੂਰ ਲੋਕਾਂ ਦੀ ਢਾਲ ਬਣੇ, ਅੱਜ ਦੇ ਯੁੱਗ ਵਿਚ ਅਜਿਹੇ ਨਾਇਕਾਂ ਦੇ ਵਾਰਸ ਗੁਰਸ਼ਰਨ ਸਿੰਘ ਹਨ। ਬਾਬੇ ਨਾਨਕ ਨੇ ਆਪਣੀ ਗੱਲ ਸਾਥੀ ਮਰਦਾਨੇ ਨੂੰ ਨਾਲ ਲੈ ਕੇ, ਰਬਾਬ ਦੀਆਂ ਮਿੱਠੀਆਂ ਧੁੰਨਾਂ ਰਾਹੀਂ ਲੋਕਾਂ ਨੂੰ ਸੁਣਾਈ ਅਤੇ ਬੇਧੜਕ ਹੋ ਕੇ ਜ਼ਾਲਮਾਂ ਨੂੰ ਲੰਬੀਆਂ ਉਦਾਸੀਆਂ 'ਤੇ ਜਾ ਕੇ ਲਲਕਾਰਿਆ। ਉਸ ਵਿਰਸੇ ਨੂੰ ਗੁਰਸ਼ਰਨ ਸਿੰਘ ਭਾਅ ਜੀ ਨੇ ਅਪਣਾਇਆ ਹੈ। ਉਹ ਆਪਣੀ ਗੱਲ ਆਪਣੇ ਦੋ ਚਾਰ ਸਾਥੀਆਂ ਨੂੰ ਲੈ ਕੇ ਨਾਟਕਾਂ ਦੇ ਮਾਧਿਅਮ ਰਾਹੀਂ, ਜਿਥੇ ਵੀ ਜ਼ੁਲਮ ਹੁੰਦਾ ਹੈ, ਲੋਕਾਂ ਵਿਚ ਪੁਚਾ ਰਹੇ ਹਨ। ਇਸ ਤੋਂ ਇਲਾਵਾ ਪੁਸਤਕਾਂ, ਤਕਰੀਰਾਂ ਤੇ ਸੱਭਿਆਚਾਰਕ ਸੰਗਠਨਾਂ ਰਾਹੀਂ ਜਰਵਾਣਿਆਂ ਨਾਲ ਟੱਕਰ ਲੈ ਰਹੇ ਹਨ। ਅੱਜ ਜਦੋਂ ਲੁਟੇਰੇ ਹਾਕਮ ਸਭਿਆਚਾਰ ਅਤੇ ਕਲਾ ਨੂੰ ਵਿਗਿਆਨਕ ਢੰਗਾਂ ਤੇ ਸੰਚਾਰ ਦੇ ਸਾਧਨਾਂ ਰਾਹੀਂ ਇਕ ਹਥਿਆਰ ਦੇ ਤੌਰ 'ਤੇ ਵਰਤ ਰਹੇ ਹਨ, ਉਦੋਂ ਕਲਾ ਨੂੰ ਇਕ ਹਥਿਆਰ ਦੇ ਤੌਰ 'ਤੇ ਗੁਰਸ਼ਰਨ ਸਿੰਘ ਜੀ ਲੋਕਾਂ ਦੇ ਪੱਖ ਵਿਚ ਵਰਤ ਰਹੇ ਹਨ। ਉਹਨਾਂ ਦਾ ਯੋਗਦਾਨ ਬਹੁਤ ਕੀਮਤੀ ਹੈ, ਜਿਸਦਾ ਮੁੱਲ ਪਾਉਣਾ ਬਣਦਾ ਹੈ। ਜੋ ਸਨਮਾਨ ਉਨ੍ਹਾਂ ਨੂੰ ਦਿੱਤਾ ਜਾ ਰਿਹਾ ਹੈ, ਉਹ ਉਸਦੇ ਹੱਕਦਾਰ ਹਨ।

*ਦੇਸ ਰਾਜ ਛਾਜਲੀ* (ਲੋਕ ਸੰਗੀਤ ਮੰਡਲੀ ਛਾਜਲੀ)

ਸਿਰਫ ਰੰਗ ਮੰਚ 'ਤੇ ਨਹੀਂ ਸਗੋਂ ਪੰਜਾਬ ਦੀ ਸਮੁੱਚੀ ਅਗਾਂਹਵਧੂ ਅਤੇ ਇਨਕਲਾਬੀ ਸੱਭਿਆਚਾਰਕ ਲਹਿਰ ਦੇ ਉੱਸਰੱਈਏ, ਗੁਰਸ਼ਰਨ ਭਾਅ ਜੀ ਦਾ ਜੀਵਨ ਘਾਲਣਾ ਸੱਚਮੁੱਚ ਇਕ ਸੰਘਰਸ਼ਮਈ ਗਾਥਾ ਬਣ ਗਈ ਹੈ। ਉਹਨਾਂ ਦੇ ਪਿਛਲੀ ਅੱਧੀ ਸਦੀ ਨਾਟਕ ਨੂੰ ਮਹਿਜ਼ ਚੇਟਕ ਦੇ ਤੰਗ ਦਾਇਰੇ 'ਚੋਂ ਬਾਹਰ ਕੱਢ ਕੇ, ਸਮਾਜਿਕ ਤਬਦੀਲੀ ਲਈ ਇਕ ਜ਼ੋਰਦਾਰ ਅਤੇ ਅਸਰਦਾਇਕ ਹਥਿਆਰ ਵਜੋਂ ਸਥਾਪਤ ਕਰ ਦਿੱਤਾ ਹੈ। ਸਮਾਜ ਵਿਚ ਵਾਪਰਦੀ ਰਹੀ ਹਰ ਘਟਨਾ ਦਾ ਇਕ ਸਭਿਆਚਾਰਕ ਕਾਮਾ ਕਿਵੇਂ ਨੋਟਿਸ ਲਵੇ ਅਤੇ ਆਮ ਲੋਕਾਂ ਸਾਹਮਣੇ ਇਸ ਨੂੰ ਕਿਸ ਦ੍ਰਿਸ਼ਟੀਕੋਣ ਤੋਂ ਪੇਸ਼ ਕਰੇ, ਗੁਰਸ਼ਰਨ ਭਾਅ ਜੀ ਇਸ ਕਸੌਟੀ ਦਾ ਪੈਮਾਨਾ ਬਣ ਗਏ ਹਨ। ਉਹਨਾਂ ਦਾ ਸਨਮਾਨ, ਲੋਕ ਪੱਖੀ ਤੇ ਇਨਕਲਾਬੀ ਕਦਰਾਂ ਕੀਮਤਾਂ ਨੂੰ ਪ੍ਰਣਾਈ ਸਭਿਆਚਾਰਕ ਲਹਿਰ ਦਾ ਸਨਮਾਨ ਹੈ, ਸ਼ਾਲਾ ਗੁਰਸ਼ਰਨ ਸਿੰਘ ਭਾਅ ਜੀ ਦੀ ਕੜਕਵੀਂ ਆਵਾਜ਼ ਹੋਰ ਲੰਮਾ ਸਮਾਂ ਲੋਕ-ਦੋਖੀ ਤਾਕਤਾਂ ਦੇ ਕਾਲਜੇ ਹੌਲ ਪਾਉਂਦੀ ਰਹੇ।

***ਜਗਦੀਸ਼ ਪਾਪੜਾ*** (ਸੰਚਾਲਕ ਮਾਲਵਾ ਹੇਕ, ਲਹਿਰਾਗਾਗਾ)

ਸ. ਗੁਰਸ਼ਰਨ ਸਿੰਘ ਸਾਡੇ ਵਾਸਤੇ ਇਕ ਨਾਟਕਕਾਰ ਹੀ ਨਹੀਂ ਹੈ ਸਗੋਂ ਸਮਾਜਿਕ ਕੁਰੀਤੀਆਂ ਅਤੇ ਨਾ-ਬਰਾਬਰੀ ਦੇ ਖਿਲਾਫ ਲੜਨ ਵਾਲਾ ਇਕ ਦਾਰਸ਼ਨਿਕ ਵਿਚਾਰਵਾਨ ਹੈ। ਉਹ ਸਮਾਜਿਕ ਤਬਦੀਲੀ ਵਾਸਤੇ ਤਾਂਘਦੇ ਲੋਕਾਂ ਲਈ ਪ੍ਰੇਰਨਾ ਸਰੋਤ ਹੈ। ਉਸ ਨੂੰ ਮੈਂ ਜਦੋਂ ਵੀ, ਜਿੱਥੇ ਵੀ ਮਿਲਿਆ, ਉਸ ਤੋਂ ਹਰ ਵਾਰੀ ਨਵੀਂ ਚੇਤਨਾ ਅਤੇ ਚਿਣਗ ਦਾ ਸੁਨੇਹਾ ਤੇ ਉਤਸ਼ਾਹ ਮਿਲਿਆ ਹੈ। ਇਨਕਲਾਬੀ ਵਿਚਾਰਧਾਰਾ ਨੂੰ ਸਮਰਪਤ, ਇਹ "ਬਾਬਾ ਬੋਹੜ" ਪਿੰਡ-ਪਿੰਡ ਆਪਣੇ ਨਾਟਕਾਂ ਰਾਹੀਂ ਸਮਾਜ ਦੇ ਦੱਬੇ ਕੁਚਲੇ ਕਿਰਤੀ ਵਰਗ ਨੂੰ ਚੇਤਨ ਕਰਦਾ ਇਕ ਨਵਾਂ ਨਰੋਆ ਸਮਾਜ ਸਿਰਜਣ ਦਾ ਸੁਪਨਾ ਲੈ ਕੇ, ਹਨੇਰੇ ਦੇ ਖਿਲਾਫ ਚਾਨਣ ਵੰਡਣ ਵਾਲਾ, ਦਿਨ ਰਾਤ ਇਕ ਕਰਕੇ ਤੁਰਨ ਵਾਲਾ ਇਕ ਅਣਥੱਕ ਪਾਂਧੀ ਹੈ।

ਮੈਂ ਬੀਤੇ ਕਈ ਸਾਲਾਂ ਤੋਂ ਇਹ ਮਹਿਸੂਸ ਕਰ ਰਿਹਾ ਹਾਂ ਕਿ ਜਿਵੇਂ ਜਿਵੇਂ ਇਨ੍ਹਾਂ ਦੀ ਉਮਰ ਲੰਬੀ ਹੋ ਰਹੀ ਹੈ, ਤਾਂ ਸਰੀਰਕ ਕਮਜ਼ੋਰੀ ਆਉਣੀ ਕੁਦਰਤੀ ਹੈ। ਪਰ ਇਸਦੇ ਉਲਟ ਇਹਨਾਂ ਦੀ ਚੇਤਨਾ ਵਾਲੀ ਅੱਖ, ਅਨੁਭਵ ਕਰਨ ਦੀ ਸੂਖਮ ਨੁਕਤਾ-ਨਜ਼ਰ ਸਮਾਜਿਕ ਸਮੱਸਿਆਵਾਂ ਉੱਤੇ ਪਕੜ, ਹੋਰ ਕਮਾਲ ਦੀ ਤਿੱਖੀ ਹੋ ਰਹੀ ਹੈ। ਸਮਾਜ ਦੀ ਕੋਈ ਵੀ ਅਜਿਹੀ ਘਟਨਾ ਉਹਨਾਂ ਦੇ ਕੋਲੋਂ ਹਵਾ ਦੇ ਬੁੱਲੇ ਵਾਂਗ ਨਹੀਂ ਲੰਘੀ, ਜਿਸ 'ਤੇ ਉਹਨਾਂ ਨੇ ਕੋਈ ਨਾਟਕ ਨਾ ਲਿਖਿਆ ਹੋਵੇ ਤੇ ਉਸਦਾ ਸਮਾਜਿਕ ਬਦਲ ਨਾ ਪੇਸ਼ ਕੀਤਾ ਹੋਵੇ। ਲੋਕਤਾ ਦੇ ਦਰਦ ਨੂੰ ਆਪਣੇ ਸੀਨੇ ਵਿਚ ਸਮੋਈ ਬੈਠੇ, ਇਸ ਚਾਨਣ ਦੇ ਵਣਜਾਰੇ, ਮਹਾਨ ਚਿੰਤਕ ਕਲਾਕਾਰ ਨੂੰ ਮੈਂ ਦਿਲੋਂ ਸਲਾਮ ਕਰਦਾ ਹਾਂ। 11 ਜਨਵਰੀ 2006 ਨੂੰ ਪਿੰਡ ਕੁੱਸਾ (ਮੋਗਾ) ਵਿਖੇ ਜੋ ਇਹਨਾਂ ਦਾ "ਇਨਕਲਾਬੀ ਨਿਹਚਾ ਸਨਮਾਨ" ਕੀਤਾ ਜਾ ਰਿਹਾ ਹੈ, ਉਸ 'ਤੇ ਮੈਂ ਬਹੁਤ ਖੁਸ਼ ਹਾਂ। ਇਨਕਲਾਬੀ ਸਨਮਾਨ ਸਮਾਰੋਹ ਕਮੇਟੀ ਦੀ ਦਿਲੋਂ ਪ੍ਰਸ਼ੰਸਾ ਕਰਦਾ ਹਾਂ। ਇਹਨਾਂ ਨੂੰ ਮੈਂ ਆਪਣੀਆਂ ਇਨਕਲਾਬੀ ਸ਼ੁਭ

ਇਛਾਵਾਂ ਭੇਜਦਾ ਹਾਂ ਅਤੇ ਸ. ਗੁਰਸ਼ਰਨ ਸਿੰਘ ਦੀ ਲੰਮੀ ਉਮਰ ਦੀ ਕਾਮਨਾ ਕਰਦਾ ਹਾਂ ਤਾਂ ਕਿ ਇਹ ਇਨਕਾਲਬੀ ਸੂਰਜ ਸਾਨੂੰ ਹੋਰ ਸੂਹੀਆਂ ਕਿਰਨਾਂ ਵੰਡਦਾ ਰਹੇ ਅਤੇ ਹਨੇਰੇ ਦੇ ਖਿਲਾਫ ਲੜੀ ਜਾ ਰਹੀ ਜੰਗ ਹੋਰ ਤੇਜ਼ ਹੋ ਸਕੇ।

***ਜਗਸੀਰ ਜੀਦਾ*** (ਲੋਕ ਸੰਗੀਤ ਮੰਡਲੀ ਜੀਦਾ)

ਗੁਰਸ਼ਰਨ ਸਿੰਘ ਪੰਜਾਬ ਦੀ ਗਰਜਦੀ, ਲਰਜ਼ਦੀ ਆਵਾਜ਼ ਹੈ। ਸੰਵੇਦਨਾਵਾਂ ਤੇ ਭਾਵਨਾਵਾਂ ਦਾ ਖੌਲਦਾ ਦਰਿਆ। ਪੰਜਾਬ ਦੇ ਰਾਜਸੀ ਤੇ ਸਮਾਜਿਕ ਖੇਤਰ ਵਿਚ ਵਾਪਰਦੀ ਹਰ ਅਹਿਮ ਘਟਨਾ ਉਪਰ ਸਪਸ਼ਟ ਟਿੱਪਣੀ ਦਾ ਨਾਂ ਹੈ, ਗੁਰਸ਼ਰਨ ਸਿੰਘ। ਪੰਜਾਬ ਦੇ ਰੰਗ ਮੰਚ ਨੂੰ ਅਜੇ ਤੀਕ ਗੁਰਸ਼ਰਨ ਸਿੰਘ ਦੇ ਹਵਾਲੇ ਨਾਲ ਹੀ ਪਹਿਚਾਣਿਆ ਜਾਂਦਾ ਹੈ। ਭ੍ਰਿਸ਼ਟ ਨਿਜ਼ਾਮ ਦੇ ਖਿਲਾਫ ਬਾਬੇ ਦੀ ਜ਼ੁਬਾਨ ਗੋਲੀ ਵਾਂਗ ਵਰ੍ਹਦੀ ਹੈ। ਪੰਜਾਬ ਦੇ ਰੰਗਮੰਚੀ ਇਤਿਹਾਸ ਦੇ ਸਫਰ ਦਾ ਦੂਜਾ ਨਾਂ ਹੈ, ਗੁਰਸ਼ਰਨ ਸਿੰਘ। ਪਿੰਡ ਦੇ ਗੱਡੇ ਦੀ ਸਟੇਜ ਤੋਂ ਲੈ ਕੇ ਵੱਡੇ ਤੋਂ ਵੱਡੇ ਆਧੁਨਿਕ ਆਡੀਟੋਰੀਅਮ ਵਿਚ ਗੁਰਸ਼ਰਨ ਸਿੰਘ ਇੱਕੋ ਜਿਹੀ ਸਹਿਜਤਾ ਨਾਲ ਵਿਚਰਦਾ ਹੈ, ਕਿਉਂਕਿ ਉਸ ਲਈ ਮਹੱਤਵ ਕਲਾ ਦੇ ਰੂਪ ਦਾ ਨਹੀਂ, ਕਲਾ ਰਾਹੀਂ ਕਹੀ ਜਾਣ ਵਾਲੀ ਗੱਲ ਦਾ ਹੁੰਦਾ ਹੈ। ਏਡੀ ਵੱਡੀ ਸਖਸ਼ੀਅਤ ਦੇ ਨਾਗਰਿਕ ਅਭਿਨੰਦਨ 'ਤੇ ਮੁਬਾਰਕਾਂ।

***ਹਰਮੀਤ ਵਿਦਿਆਰਥੀ*** (ਮੀਤ ਪ੍ਰਧਾਨ, ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.)

ਗੁਰਸ਼ਰਨ ਸਿੰਘ ਦਾ ਧਿਆਨ ਧਰਦਿਆਂ, ਇਕੋ ਸਮੇਂ ਅਨੇਕਾਂ ਰੰਗ ਉਜਾਗਰ ਹੁੰਦੇ ਹਨ : ਅਣਥੱਕ ਰੰਗ-ਕਰਮੀ (ਨਾਟਕਕਾਰ, ਨਿਰਦੇਸ਼ਕ, ਅਭਿਨੇਤਾ), ਪ੍ਰਗਤੀਸ਼ੀਲ ਆਗੂ, ਬਦਲਵੇਂ ਸਭਿਆਚਾਰ (ਛਸਖਗਵਠਤਖਰਲਗ ਡਜਸਖਜਵਗ) ਦਾ ਨਿਧੜਕ ਬੁਲਾਰਾ, ਨਿਰਪੱਖ ਸੰਪਾਦਕ, ਸਫਲ ਪ੍ਰਕਾਸ਼ਕ, ਕ੍ਰਾਂਤੀਕਾਰੀ ਪੰਜਾਬੀ ਨਾਟਕ ਦਾ ਮੋਢੀ, ਇਨਕਲਾਬੀ ਸ਼ਕਤੀਆਂ ਦੀ ਏਕਤਾ ਦਾ ਮੁਦੱਈ ! ਵੱਡਿਆਂ, ਛੋਟਿਆਂ, ਹਾਣੀਆਂ-ਸਭ ਦਾ 'ਭਾਅ ਜੀ ਅਤੇ ਟੀ. ਵੀ. ਦਾ 'ਭਾਈ ਮੰਨਾ ਸਿੰਘ, 1960ਵਿਆਂ ਤੋਂ, ਅੱਜ ਤੱਕ, ਨਿਰੰਤਰ ਹਰਮਨਪਿਆਰਤਾ ਦੀ ਸਿਖਰ 'ਤੇ ਹੀ ਵਿਚਰ ਰਿਹਾ ਹੈ।

ਪੰਜਾਬ ਦਾ ਸ਼ਾਇਦ ਹੀ ਕੋਈ ਪਿੰਡ, ਸ਼ਹਿਰ ਜਾਂ ਖਿੱਤਾ ਹੋਵੇ, ਜਿੱਥੇ ਗੁਰਸ਼ਰਨ ਸਿੰਘ ਦੀਆਂ ਨਾਟਕ ਟੋਲੀਆਂ ਦਾ ਬੁਲੰਦ ਸੁਨੇਹਾ ਨਾ ਗੂੰਜਿਆ ਹੋਵੇ। ਉਸ ਨੇ ਪੰਜਾਬੀ ਰੰਗਮੰਚ ਨੂੰ ਮਹਿੰਗੀਆਂ ਜੁਗਤਾਂ ਦੀ ਮੁਥਾਜੀ ਤੋਂ ਆਜ਼ਾਦ ਕਰਵਾ ਕੇ ਨਵੀਂ ਮੰਚ-ਸ਼ੈਲੀ ਨੂੰ ਜਨਮ ਦਿੱਤਾ ਹੈ। ਉਸ ਨੇ ਆਪਣੇ ਸਮੁੱਚੇ ਪਰਿਵਾਰ (ਜੀਵਨ-ਸਾਥਣ ਕੈਲਾਸ਼, ਬੇਟੀਆਂ ਨਵਸ਼ਰਨ ਅਤੇ ਅਰੀਤ) ਨੂੰ ਰੰਗਮੰਚ ਨਾਲ ਜੋੜ ਕੇ ਪਰਿਵਾਰਿਕ ਪ੍ਰਤੀਬੱਧਤਾ ਦੇ ਨਵੇਂ ਮਿਆਰ ਸਿਰਜੇ ਹਨ। ਉਸ ਨੇ ਪੰਜਾਬੀ ਪਾਠਕਾਂ ਨੂੰ ਸਸਤੀਆਂ ਪੁਸਤਕਾਂ ਮੁਹੱਈਆ ਕਰਕੇ ਅਨੇਕਾਂ ਪਾਠਕਾਂ ਨੂੰ ਸਿਹਤਮੰਦ ਸਾਹਿਤ ਨਾਲ ਜੋੜਿਆ ਹੈ। ਵਰਨਣਯੋਗ ਹੈ ਕਿ ਉਸਨੇ ਔਰਤਾਂ ਅਤੇ ਦਲਿਤਾਂ ਦੇ ਹੱਕਾਂ ਵਾਸਤੇ ਨਿਰੰਤਰ ਆਵਾਜ਼ ਬੁਲੰਦ ਕੀਤੀ ਹੈ।

ਪਿਛਲੇ ਪੰਜਾਹ ਵਰ੍ਹਿਆਂ ਵਿਚ ਪੰਜਾਬ ਨੇ ਨਕਸਲਬਾੜੀ ਲਹਿਰ ਅਤੇ ਖਾਲਿਸਤਾਨੀ

ਲਹਿਰ ਤੋਂ ਇਲਾਵਾ ਅਨੇਕਾਂ ਰਾਜਨੀਤਕ ਰੰਗ-ਢੰਗ ਦੇਖੇ ਹਨ। ਗੁਰਸ਼ਰਨ ਸਿੰਘ ਸਾਰੀਆਂ ਲੋਕ-ਵਿਰੋਧੀ ਸ਼ਕਤੀਆਂ ਵਾਸਤੇ ਇਕ ਗੰਭੀਰ ਚੁਣੌਤੀ ਬਣ ਕੇ ਅਤੇ ਲੋਕ-ਪੱਖੀ ਸ਼ਕਤੀਆਂ ਦਾ ਮੁਦੱਈ ਬਣ ਕੇ, ਇਕ ਨਿਵੇਕਲੇ ਅੰਦਾਜ਼ ਵਿਚ ਕਰਮਸ਼ੀਲ ਰਿਹਾ ਹੈ। ਉਮਰ ਦੀਆਂ ਸੀਮਾਵਾਂ ਦੇ ਬਾਵਜੂਦ, ਉਸਦੀਆਂ ਉਤਸ਼ਾਹੀ ਸਰਗਰਮੀਆਂ ਦੀ ਨਿਰੰਤਰਤਾ, ਇਕ ਜਗਦੀ ਅਤੇ ਮਘਦੀ ਉਦਾਹਰਣ ਹੈ।

ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ, ਮਾਸਿਕ ਪੱਤਰ ਸਰਦਲ ਅਤੇ ਸਮਤਾ, ਅੰਮ੍ਰਿਤਸਰ ਨਾਟਕ ਕਲਾ ਕੇਂਦਰ, ਆਲ ਇੰਡੀਆ ਲੀਗ ਆਫਰ ਰੈਵੋਲੂਸ਼ਨਰੀ ਕਲਚਰ, ਪਲਸ ਮੰਚ, ਪਾਸ਼ ਯਾਦਗਾਰੀ ਕੌਮਾਂਤਰੀ ਟ੍ਰਸਟ, ਦੇਸ਼ ਭਗਤ ਯਾਦਗਾਰ ਕਮੇਟੀ, ਇਨਕਲਾਬੀ ਕੇਂਦਰ ਪੰਜਾਬ ਅਤੇ ਅਨੇਕਾਂ ਹੋਰ ਸੰਸਥਾਵਾਂ ਵਿਚ ਗੁਰਸ਼ਰਨ ਸਿੰਘ ਨੇ ਅਮਿੱਟ ਪੈਰ-ਚਿੰਨ੍ਹ ਛੱਡੇ ਹਨ।

ਗੁਰਸ਼ਰਨ ਸਿੰਘ ਨੇ ਭਾਰਤ. ਯੂ. ਕੇ. ਅਤੇ ਕੈਨੇਡਾ ਦੇ ਸਮੁੱਚੇ ਪ੍ਰਗਤੀਸ਼ੀਲ ਪੰਜਾਬੀ ਭਾਈਚਾਰੇ (ਵਿਸ਼ੇਸ਼ ਕਰਕੇ ਲੇਖਕ, ਕਲਾਕਾਰ, ਸੰਸਥਾਵਾਂ) ਉੱਤੇ ਵਿਆਪਕ ਪ੍ਰਭਾਵ ਪਾਇਆ ਹੈ। ਅਜਿਹੀਆਂ ਸਖਸ਼ੀਅਤਾਂ ਇਸ ਧਰਤੀ ਉੱਤੇ ਕਦੇ ਕਦੇ ਹੀ ਉਦੈ ਹੁੰਦੀਆਂ ਹਨ। ਗੁਰਸ਼ਰਨ ਸਿੰਘ ਦਾ ਸਨਮਾਨ ਸਮੁੱਚੇ ਪੰਜਾਬੀ ਨਾਟਕ ਅਤੇ ਰੰਗਮੰਚ, ਸਮੁੱਚੇ ਪੰਜਾਬੀ ਸਾਹਿਤ ਅਤੇ ਨਰੋਏ ਸਭਿਆਚਾਰ, ਸਮੁੱਚੀ ਪ੍ਰਗਤੀਸ਼ੀਲ ਅਤੇ ਲੋਕ-ਜਮਹੂਰੀ ਲਹਿਰ ਦਾ ਆਪਣਾ ਮਾਨ-ਸਨਮਾਨ ਹੈ।

ਅਨੇਕਾਂ ਸੰਸਥਾਵਾਂ ਦੇ ਨਾਲ-ਨਾਲ ਗੁਰਸ਼ਰਨ ਸਿੰਘ, ਪਾਸ਼ ਯਾਦਗਾਰੀ ਕੌਮਾਂਤਰੀ ਟ੍ਰਸਟ ਦਾ ਵੀ ਥੰਮ੍ਹ ਹੈ। ਸਾਨੂੰ ਗੌਰਵ ਰਹੇਗਾ ਕਿ ਅਸੀਂ ਗੁਰਸ਼ਰਨ ਸਿੰਘ ਵਰਗੀ ਬਹੁ-ਕੌਮਾਂਤਰੀ ਸਖਸ਼ੀਅਤ ਦੇ ਨੇੜੇ ਰਹਿੰਦਿਆਂ ਉਹਨਾਂ ਤੋਂ ਬਹੁਤ ਕੁਝ ਸਿੱਖਿਆ ਹੈ।

***ਸੁਰਿੰਦਰ ਧੰਜਲ*** **(ਕੈਨੇਡਾ) ਕਨਵੀਨਰ, ਪਾਸ਼ ਯਾਦਗਾਰੀ ਕੌਮਾਂਤਰੀ ਟ੍ਰਸਟ**

ਨਿਰੰਤਰ ਗਤੀਸ਼ੀਲਤਾ ਦਾ ਦੂਜਾ ਨਾਂ ਹੈ-ਗੁਰਸ਼ਰਨ ਸਿੰਘ। ਵਗਦੇ ਦਰਿਆਵਾਂ ਨੂੰ ਜੱਫਾ ਮਾਰਨ ਦੀ ਸਮਰੱਥਾ ਦਾ ਨਾਂ ਹੈ-ਗੁਰਸ਼ਰਨ ਸਿੰਘ। ਬਿਜਲੀ ਜੇਹੀ ਰਵਾਨਗੀ ਤੇ ਅਥਾਹ ਪ੍ਰੇਰਨਾ ਦਾ ਮੁਜੱਸਮਾ ਗੁਰਸ਼ਰਨ ਸਿੰਘ ਲੋਕ-ਮੁਕਤੀ ਦੇ ਪਵਿੱਤਰ ਮਿਸ਼ਨ ਨੂੰ ਪ੍ਰਨਾਇਆ ਯੋਧਾ ਨਾਟਕਕਾਰ ਹੈ, ਜੀਹਦੀ ਉਂਗਲ ਫੜਕੇ, ਇਕ ਨਹੀਂ, ਦਰਜਨਾਂ ਨਹੀਂ, ਸੈਂਕੜੇ ਕਲਾਕਾਰਾਂ ਨੇ ਅਗਾਂਹਵਧੂ ਇਨਕਲਾਬੀ ਥੀਏਟਰ ਨੂੰ ਆਪਣੀ ਜ਼ਿੰਦਗੀ ਦਾ ਮਕਸਦ ਬਣਾਇਆ ਹੈ। ਉਮਰ ਦੇ ਆਖਰੀ ਵਰ੍ਹਿਆਂ ਨੂੰ ਪਹੁੰਚੇ ਇਸ ਬੁੱਢੇ ਜਰਨੈਲ ਦਾ ਕਹਿਣਾ ਹੈ ਕਿ ਢਲਦੀ ਜਾ ਰਹੀ ਉਮਰ ਦੇ ਬਾਵਜੂਦ ਉਹ ਲੋਕਾਂ ਸਾਹਮਣੇ, ਲੋਕਾਂ ਦੇ ਅੰਗ-ਸੰਗ ਇਸ ਸੰਸਾਰ ਤੋਂ ਸਟੇਜ 'ਤੇ ਨਾਟਕ ਖੇਡਦਿਆਂ ਹੀ ਤੁਰ ਜਾਣਾ ਚਾਹੁੰਦਾ ਹੈ। ਲੋਕਾਂ ਪ੍ਰਤੀ ਇਸ ਸੱਚੇ-ਸੁੱਚੇ ਸਮਰਪਣ ਅਤੇ ਲੋਕ ਪ੍ਰਤੀਬੱਧਤਾ ਨੂੰ ਸਤਿ ਸਤਿ ਪ੍ਰਣਾਮ।

***ਕੰਵਲਜੀਤ ਖੰਨਾ*** **(ਜਨਰਲ ਸਕੱਤਰ, ਪੰਜਾਬ ਲੋਕ ਸਭਿਆਚਾਰ ਮੰਚ)**

ਸਿਰਫ਼ ਸਲਾਮ ਹੀ ਨਹੀਂ, ਅਹਿਦ ਵੀ।

***ਵਿਜੈ ਬੰਬੇਲੀ***

ਗੁਰਸ਼ਰਨ ਸਿੰਘ ਨੇ ਲੋਕ-ਨਾਟ ਦੀ ਲੋਕ-ਪ੍ਰਿਯਾ ਵਿਧੀ ਰਾਹੀਂ ਵਿਗਿਆਨਕ, ਅਗਾਂਹਵਧੂ ਅਤੇ ਇਨਕਲਾਬੀ ਚੇਤਨਾ ਦੇ ਵਧਾਰੇ ਪਸਾਰੇ ਲਈ, ਲੋਕ ਮਨਾਂ ਦੇ ਮੰਚ ਉਪਰ ਸਮਾਜਿਕ ਸਰੋਕਾਰਾਂ ਨੂੰ ਉਕਾਰਿਆ ਹੈ। ਖਾਸ ਵਰਗ ਲਈ ਰਾਖਵੇਂ ਮਹਿੰਗੇ ਰੰਗਮੰਚ ਨਾਲੋਂ ਬੁਨਿਆਦੀ ਤੌਰ 'ਤੇ ਵਿਲੱਖਣ ਸ਼ੈਲੀ ਸਦਕਾ, ਗੁਰਸ਼ਰਨ ਸਿੰਘ ਦੀ ਅਮਿੱਟ ਦੇਣ ਨੇ, ਬੀਤੇ ਕੱਲ੍ਹ ਅਤੇ ਅੱਜ ਉਪਰ ਤਾਂ ਆਪਣੀ ਨਿਰਾਲੀ ਮੋਹਰਛਾਪ ਲਗਾਈ ਹੀ ਹੈ, ਭਵਿੱਖ ਵਿਚ ਵੀ ਲੋਕ-ਥੀਏਟਰ ਦਾ ਮਾਰਗ-ਦਰਸ਼ਕ ਬਣ ਕੇ ਗੁਰਸ਼ਰਨ ਸਿੰਘ ਦਾ ਮੁਹਾਵਰਾ ਸਦਾ ਜ਼ਿੰਦਾ ਅਤੇ ਬੁਲੰਦ ਰਹੇਗਾ।

ਗ਼ਦਰ ਲਹਿਰ ਅਤੇ ਸਮੁੱਚੀ ਇਨਕਲਾਬੀ-ਜਮਹੂਰੀ ਤਵਾਰੀਖ ਦੀ ਖੋਜ ਪੜਤਾਲ, ਪ੍ਰਚਾਰ-ਪਸਾਰ, ਵਧਾਰੇ-ਪਸਾਰੇ ਅਤੇ ਉਸਦੀ ਪ੍ਰਸੰਗਕਤਾ ਉਜਾਗਰ ਕਰਨ ਲਈ ਯਤਨਸ਼ੀਲ ਦੇਸ਼ ਭਗਤ ਯਾਦਗਾਰ ਕਮੇਟੀ ਦੇ ਟਰਸਟੀ ਗੁਰਸ਼ਰਨ ਸਿੰਘ ਨੇ ਗ਼ਦਰੀ ਬਾਬਿਆਂ ਦੇ ਮੇਲੇ ਅਤੇ ਪੰਜਾਬ ਅੰਦਰ ਲੋਕ-ਪੱਖੀ ਸਭਿਆਚਾਰਕ ਲਹਿਰ ਲਈ ਅਣਥੱਕ ਭੂਮਿਕਾ ਅਦਾ ਕੀਤੀ ਹੈ।

ਸਾਨੂੰ ਮਾਣ ਹੈ ਕਿ ਗੁਰਸ਼ਰਨ ਸਿੰਘ ਨੇ ਸਾਡੇ ਇਨਕਲਾਬੀ ਸਭਿਆਚਾਰਕ/ਇਤਿਹਾਸਕ ਵਿਰਸੇ ਨੂੰ ਰੰਗ ਮੰਚ ਰਾਹੀਂ ਵਿਸ਼ਾਲ ਜਨ ਸਮੂਹ ਤੱਕ ਪਹੁੰਚਾਇਆ ਹੈ। ਪਲ ਪਲ ਮਰ ਮਰ ਕੇ ਜਿਉਂਦੇ ਲੋਕਾਂ ਨੂੰ, ਨਵੀਂ ਜ਼ਿੰਦਗੀ ਸਿਰਜਣ ਲਈ ਉੱਠ ਖੜ੍ਹੇ ਹੋਣ ਅਤੇ ਜੂਝਣ ਲਈ ਵੰਗਾਰਿਆ ਹੈ। ਦਲਿਤ ਹਿੱਸਿਆਂ ਦੀ ਜਾਗਰਤੀ ਅਤੇ ਮੁਕਤੀ ਲਈ ਗੁਰਸ਼ਰਨ ਸਿੰਘ ਦੀ ਅਥਾਹ ਦੇਣ ਹੈ।

"ਗੁਰਸ਼ਰਨ ਸਿੰਘ ਸਨਮਾਨ ਸਮਾਰੋਹ ਕਮੇਟੀ, ਪੰਜਾਬ" ਵੱਲੋਂ ਦੇਸ਼ ਭਗਤ ਯਾਦਗਾਰ ਕਮੇਟੀ ਨੂੰ ਪ੍ਰਾਪਤ ਲਿਖਤੀ ਸੱਦਾ ਪੱਤਰ ਤੋਂ ਮਿਲੀ ਜਾਣਕਾਰੀ ਮੁਤਾਬਕ, 11 ਜਨਵਰੀ ਨੂੰ ਕੁੱਸਾ ਵਿਖੇ ਹੋ ਰਹੇ ਜਨਤਕ ਇਨਕਲਾਬੀ ਸਨਮਾਨ ਸਮਾਰੋਹ ਵਿਚ ਗੁਰਸ਼ਰਨ ਸਿੰਘ ਦੇ ਕੀਤੇ ਜਾ ਰਹੇ ਸਨਮਾਨ 'ਤੇ, ਕਮੇਟੀ ਨੂੰ ਮਾਣ ਅਤੇ ਖੁਸ਼ੀ ਹੈ, ਕਿਉਂਕਿ ਗੁਰਸ਼ਰਨ ਸਿੰਘ ਨੇ ਗ਼ਦਰੀ ਲਹਿਰ ਦੇ ਸ਼ਹੀਦਾਂ ਦੇ ਸੁਪਨੇ ਸਾਕਾਰ ਕਰਨ ਲਈ ਲੋਕ ਪੱਖੀ ਥੀਏਟਰ ਰਾਹੀਂ ਅਥਾਹ ਘਾਲਣਾ ਕੀਤੀ ਹੈ। ਸਾਨੂੰ ਖੁਸ਼ੀ ਹੈ ਕਿ ਪੰਜਾਬ ਦੀ ਸਮੁੱਚੀ ਇਨਕਲਾਬੀ ਜਮਹੂਰੀ ਲਹਿਰ, ਰੰਗਮੰਚ ਦੇ ਇਸ ਮਹਾਂ ਜਰਨੈਲ ਨੂੰ ਸਲਾਮ ਅਤੇ ਸਨਮਾਨ ਭੇਟ ਕਰ ਰਹੀ ਹੈ।

***ਕਾਮਰੇਡ ਗੰਧਰਵ ਸੇਨ ਕੋਛੜ***

**ਜਨਰਲ ਸਕੱਤਰ, ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ**

ਕੰਮ : ਪਰਿਵਰਣ
ਨਾਂਅ : ਸ਼ਬਾਬ
ਨਾਅਰਾ : ਇਨਕਲਾਬ
ਇਨਕਲਾਬ, ਇਨਕਲਾਬ।
ਇਹ ਹੈ ਸ਼ਾਇਰ-ਇ-ਇਨਕਲਾਬ ਦੇ ਇਕ ਉਰਦੂ ਸ਼ੇਅਰ ਹੀ ਰੂਹ !

ਅਤੇ ਇਸੇ ਰੂਹ ਦਾ ਸਾਕਾਰ ਰੂਪ ਹੈ ਗੁਰਸ਼ਰਨ ਨਾਟਕਕਾਰ।

ਉਹਦਾ ਜਨਮ ਸਾਡੇ ਦੇਸ਼ ਦੀ ਇਨਕਲਾਬੀ ਲਹਿਰ ਦੇ ਉਸ ਸ਼ਾਨਮੱਤੇ, ਜਾਨਦਾਰ ਦੌਰ ਵਿਚ ਹੋਇਆ, ਜਦੋਂ ਉਹੋ ਨਿਰਾਸ਼ਾ ਟੁੱਟ ਗਈ, ਜਿਹੜੀ ਫਰਵਰੀ 1922 ਵਿਚ ਗਾਂਧੀ ਜੀ ਵੱਲੋਂ ਕੌਮੀ ਮੁਜ਼ਾਹਮਤ ਮੁਅੱਤਲ ਕਰ ਦੇਣ ਦੇ ਐਲਾਨ ਪਿੱਛੋਂ ਪੈਦਾ ਹੋਈ ਸੀ, ਉਸਦੀ ਥਾਂ ਨਵੇਂ ਜੋਸ਼, ਨਵੀਆਂ ਤਹਿਰੀਕਾਂ, ਨਵੇਂ ਸੰਕਲਪਾਂ, ਨਵੇਂ ਦਿੱਸਹੱਦਿਆਂ ਨੇ ਲੈ ਲਈ ਸੀ, ਲੋਕ ਮੁਕੰਮਲ ਆਜ਼ਾਦੀ ਵਲ ਜਾਂਦੀ ਸ਼ਾਹਰਾਹ 'ਤੇ ਪੈ ਰਹੇ ਸਨ ਅਤੇ ਜਦੋ-ਜਹਿਦ ਦੇ ਨਕਸ਼ੇ ਵਿਚ ਸਮਾਜਵਾਦ ਦਾ ਰੰਗ ਭਰਿਆ ਜਾ ਰਿਹਾ ਸੀ। ਜਵਾਹਰ ਲਾਲ ਨਹਿਰੂ ਨੇ ਇਸ ਦੌਰ ਨੂੰ ਆਪਣੀ ਆਤਮ ਕਥਾ ਵਿਚ ਬੜੇ ਖ਼ੂਬਸੂਰਤ ਅੰਦਾਜ਼ ਵਿਚ ਬਿਆਨ ਕੀਤਾ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਨੇ ਪਿਛਲੇ ਸਾਲ ਇਕ ਪੁਸਤਕ ਪ੍ਰਕਾਸ਼ਤ ਕੀਤੀ ਸੀ, 'ਇਨਕਲਾਬ: ਸੂਝ ਕਿਵੇਂ ਵਿਕਸਤ ਹੋਈ' ਉਸ ਵਿਚਲਾ ਬਿਰਤਾਂਤ ਇਹੋ ਦਰਸਾਉਂਦਾ ਹੈ ਕਿ ਸਾਡੇ ਦੇਸ਼ ਵਿਚ ਇਨਕਲਾਬੀ ਸੂਝ ਤੇ ਲਹਿਰ ਚਾਪੇਕਰ ਭਰਾਵਾਂ ਤੋਂ ਇਸ ਦੌਰ ਤੱਕ ਕਿਵੇਂ ਪੁੱਜੀ। ਜਿਸਨੂੰ ਭੈਅਭੀਤ ਹੋਏ ਬ੍ਰਿਟਿਸ਼ ਸਾਮਰਾਜ ਨੇ ਮੇਰਠ ਸਾਜਿਸ਼ ਕੇਸ ਅਤੇ ਲਾਹੌਰ ਸਾਜ਼ਿਸ਼ ਕੇਸ ਖੜ੍ਹੇ ਕੀਤੇ।

ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ ਇਹੋ ਸ਼ਾਨਦਾਰ ਪ੍ਰਸਥਿਤੀਆਂ ਗੁਰਸ਼ਰਨ ਦੀ ਗੁੜ੍ਹਤੀ ਹੋ ਨਿੱਬੜੀਆਂ।

ਗੁਰਸ਼ਰਨ ਪੀ. ਸੀ. ਜੋਸ਼ੀ ਵੱਲੋਂ ਲਾਏ ਗਏ ਬਗੀਚੇ-ਇਪਟਾ-ਇਪਟਾ ਦਾ ਉਹ ਫੁੱਲ ਹੈ ਜੋ ਲਗਾਤਾਰ ਟਹਿਕ ਰਿਹਾ ਹੈ।

ਪਿਛਲੇ ਹੀ ਸਾਲ ਜਦੋਂ ਡਾਕਟਰ ਸਰਬਜੀਤ ਸਿੰਘ ਨੇ ਆਪਣੀ ਪੁਸਤਕ "ਮਿੱਥ ਅਤੇ ਵਰਤਮਾਨ" (ਸਵਰਾਜਬੀਰ ਦਾ ਪਰਿਪੇਖ)" ਇਪਟਾ ਲਹਿਰ ਦੇ ਕਾਮਿਆਂ ਦੇ ਨਾਂਅ" ਭੇਂਟ ਕੀਤੀ। ਤਾਂ ਇਪਟਾ ਕੀ ਕਹਾਣੀ ਫ਼ਿਲਮ ਵਾਂਜ ਅੱਖਾਂ ਅੱਗੋਂ ਲੰਘ ਗਈ। ਗੁਰਸ਼ਰਨ ਇਸੇ ਇਪਟਾ ਦੀ ਲਗਾਤਾਰ ਜਗ ਰਹੀ ਮਸ਼ਾਲ ਹੀ ਤਾਂ ਹੈ। ਉਸ ਦੀ ਇਹ ਤਾਂਘ ਸੱਚਮੁੱਚ ਸੁਭਾਵਿਕ ਲਗਦੀ ਹੈ ਕਿ ਇਪਟਾ ਦੀ ਸਾਰੀ ਦੀ ਸਾਰੀ ਕਹਾਣੀ, ਸਵੈ ਅੱਜ ਤੱਕ ਦੇ ਪਸਾਰਾਂ ਦੇ, ਪੁਸਤਕ ਰੂਪ ਵਿਚ ਲੋਕਾਂ ਦੇ ਸਾਹਮਣੇ ਆਉਣੀ ਚਾਹੀਦੀ ਹੈ।

ਉਹਦੀ ਉਮਰ ਅੱਸੀਆਂ ਨੂੰ ਛੂਹਣ ਦੇ ਨੇੜੇ ਹੈ, ਪਰ ਅੰਤਰ, ਸੁਰਤ ਗਿਆਨੀ ਕਦੇ ਬੁੱਢੇ ਨਹੀਂ ਹੁੰਦੇ। ਉਹ ਤਾਂ ਅੱਜ ਦੇ ਪਰਸੰਗ ਵਿਚ "ਗੁਰੂ ਲਾਧੋ" ਦੀ ਘਟਨਾ ਨੂੰ ਕਲਾ ਰੂਪ ਵਿਚ ਦ੍ਰਿਸ਼ਮਾਨ ਕਰ ਦੇਂਦੇ ਹਨ।

ਤੇ ਜਦੋਂ ਉਹ ਵੇਖਦਾ ਹੈ ਕਿ ਅੱਜ ਸ਼ੋਸ਼ਕ ਭਗਤ ਸਿੰਘ ਦੀਆਂ, ਸਰਾਭੇ ਦੀਆਂ, ਆਜ਼ਾਦੀ ਅਤੇ ਇਨਕਲਾਬ ਲਈ ਜਾਨਾਂ ਵਾਰ ਦੇਣ ਵਾਲਿਆਂ ਦੀਆਂ ਲਹੂ-ਭਿੱਜੀਆਂ ਯਾਦਾਂ ਨੂੰ ਉਧਾਲਣ ਤੋਂ ਵੀ ਨਹੀਂ ਲਜਿਆਂਦੇ ਤਾਂ ਉਹਦੀ ਕਲਾ ਉਹਨਾਂ ਲਈ ਤਮਾਚਾ ਬਣ ਜਾਂਦੀ ਹੈ।

ਕਦੇ ਉਹ ਭਾਈ ਮੰਨਾ ਸਿੰਘ ਦਾ ਰੂਪ ਧਾਰ ਲੋਕਾਂ ਦੀਆਂ ਰੂਹਾਂ ਵਿਚ ਉਤਰ ਜਾਂਦਾ

ਹੈ, ਕਦੇ ਉਹਦੀ ਕਲਾ ਔਰਤ ਉੱਤੇ ਜ਼ੁਲਮ ਵਿਰੁੱਧ ਚੰਡੀ ਦੀ ਲਿਸ਼ਕ ਬਣ ਜਾਂਦੀ ਹੈ।

ਪਿਛਲੇ ਹੀ ਸਾਲ ਉਹ ਦੇਸ਼ ਭਗਤ ਯਾਦਗਾਰ ਦੇ ਵਿਦਿਆਰਥੀ ਚੇਤਨਾ ਕੈਂਪ ਵਿਚ ਰੂਬਰੂ ਲਈ ਪੁੱਜਾ ਤਾਂ ਸਾਰੇ ਹਾਊਸ ਨੇ ਖੜ੍ਹੇ ਹੋ ਕੇ ਉਸਦਾ ਅਭਿਨੰਦਨ ਕੀਤਾ। ਸਾਡੇ ਕਲਾਕਾਰ ਤਾਂ ਕਦੇ ਵੀ ਉਸ ਲਈ ਆਦਰ ਭੇਂਟ ਕਰਨਾ ਨਹੀਂ ਭੁੱਲਦੇ। ਜਦੋਂ ਉਹ ਕਿਤੇ ਵੀ ਨਾਟਕ ਉਤਸਵ 'ਤੇ ਪਹੁੰਚਦਾ ਹੈ, ਕਲਾਕਾਰ ਉਸ ਨੂੰ ਨਮਸਕਾਰ ਕਰ ਕੇ ਮੰਚ ਉੱਤੇ ਪਹੁੰਚਦਾ ਹੈ।

ਵਿਦਿਆਰਥੀ ਕੈਂਪ ਵਿਚ ਉਸਦੇ ਆਪਣੇ ਵਿਸ਼ੇਸ਼ ਜੁਸ਼ੀਲੇ ਅੰਦਾਜ਼ ਵਿਚ ਅੱਜ ਦਾ ਏਜੰਡਾ ਪੇਸ਼ ਕੀਤਾ। ਉਹ ਪੂਰੇ ਜ਼ੋਰ ਨਾਲ ਆਖ ਰਿਹਾ ਸੀ :

ਆਜ਼ਾਦੀ ਸੰਗਰਾਮ ਸਮੇਂ ਉਤਰ-ਦੱਖਣ, ਪੂਰਬ-ਪੱਛਮ, ਚਹੁੰ ਕੂੰਟੀ ਇਹੋ ਸ਼ਬਦ ਗੂੰਜ ਉੱਠਿਆ ਸੀ-ਆਜ਼ਾਦੀ, ਆਜ਼ਾਦੀ, ਆਜ਼ਾਦੀ, ਆਜ਼ਾਦੀ।

ਅੱਜ ਚਹੁੰ ਕੂੰਟੀ ਉਤਰ-ਦੱਖਣ, ਪੂਰਬ-ਪੱਛਮ ਇਕੋ ਸ਼ਬਦ ਗੂੰਜਣਾ ਚਾਹੀਦਾ ਹੈ : ਬਰਾਬਰੀ, ਬਰਾਬਰੀ, ਬਰਾਬਰੀ। ਖ਼ੂਬ ਤਾਲੀਆਂ ਵੱਜੀਆਂ।

ਇਹੋ ਹੈ ਉਸ ਲਈ ਜਨ-ਸਮਾਨ।

*ਗੁਰਬਖ਼ਸ਼ ਸਿੰਘ ਬੰਨੋਆਣਾ*

ਲੋਕ ਪੱਖੀ ਇਨਕਲਾਬੀ ਸਭਿਆਚਾਰਕ ਲਹਿਰ ਦੇ ਸਦਾ ਵਗਦੇ ਦਰਿਆ ਨੇ ਕਦੇ ਵੀ ਆਪਣੇ ਅਕੀਦਿਆਂ ਦੀ ਪੂਰਤੀ ਲਈ ਮਾਤ ਨਹੀਂ ਖਾਧੀ। ਅਜਿਹੀ ਅਦਬੀ ਸਖਸ਼ੀਅਤ ਦਾ ਅੰਬਰਾਂ 'ਤੇ ਲਿਖਿਆ ਨਾ ਹੈ-ਗੁਰਸ਼ਰਨ ਸਿੰਘ। ਉਨ੍ਹਾਂ ਦੀ ਬਹੁਪੱਖੀ ਦੇਣ ਦੇ ਜਿੰਨੇ ਮਰਜੀ ਵਰਕੇ ਫਰੋਲ ਲਈਏ, ਫਿਰ ਵੀ ਅਣਫੋਲੇ ਰਹਿ ਜਾਣਾ, ਜਿੰਨੇ ਮਰਜੀ ਹਰਫਾਂ ਦੀ ਡਾਰ ਤੱਕ ਲਈਏ ਫਿਰ ਵੀ ਉਹਨਾਂ ਦੀ ਉਚੇਰੀ ਪਰਵਾਜ਼ ਨੂੰ ਸਮਝਣਾ, ਸਾਡੇ ਲਈ ਸਦਾ ਜਾਰੀ ਰਹੇਗਾ। ਗੁਰਸ਼ਰਨ ਭਾਅ ਜੀ ਨੇ ਅਸਲੀ ਆਜ਼ਾਦੀ ਅਤੇ ਬਰਾਬਰੀ ਦੇ ਸਮਾਜ ਦੇ ਅਧੂਰੇ ਪਏ, ਗ਼ਦਰ ਲਹਿਰ ਅਤੇ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ, ਇਨਕਲਾਬ ਜ਼ਿੰਦਾਬਾਦ ਦਾ ਸੰਦੇਸ਼ ਲੋਕਾਂ ਤੱਕ ਪਹੁੰਚਾਉਣ ਲਈ ਜਿਵੇਂ ਰੰਗਮੰਚ ਦੇ ਥੜ੍ਹੇ ਦੀ ਸੁਯੋਗਤਾ ਨਾਲ ਵਰਤੋਂ ਕੀਤੀ ਹੈ, ਅਜੋਕੀ ਤੇ ਆਉਣ ਵਾਲੀ ਪੀੜ੍ਹੀ ਉਸ ਤੋਂ ਰੌਸ਼ਨੀ ਲੈਂਦੀ ਰਹੇਗੀ। ਸਨਮਾਨ ਸਮਾਰੋਹ, ਮੌਕੇ ਲੋਕ ਰੰਗਮੰਚ ਦੇ ਦੀਵੇ ਦੀ ਇਸ ਲੋਅ ਨੂੰ ਸਾਂਭਣ ਦਾ ਅਸੀਂ ਅਹਿਦ ਕਰਦੇ ਹਾਂ!

**ਗੁਰਮੀਤ**

**ਕਨਵੀਨਰ, ਸਭਿਆਚਾਰਕ ਵਿੰਗ, ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ**

ਸ੍ਰੀ ਗੁਰਸ਼ਰਨ ਸਿੰਘ ਬਾਰੇ ਮੇਰੇ ਕੋਲ ਕਹਿਣ ਲਈ ਕੋਈ ਵੀ ਐਸੀ ਨਵੀਂ ਜਾਂ ਨਿਵੇਕਲੀ ਗੱਲ ਨਹੀਂ, ਜਿਹੜੀ ਇਸ ਤੋਂ ਪਹਿਲਾਂ ਕਿਸੇ ਨੂੰ ਪਤਾ ਨਾ ਹੋਵੇ। ਉਸ ਬਾਰੇ ਪੰਜਾਬੀਆਂ ਦੇ ਸਭ ਤੋਂ ਵੱਧ ਜਾਣੇ ਅਤੇ ਪਛਾਣੇ ਜਾਂਦੇ ਪਿਆਰਿਆਂ ਵਿਚੋਂ ਸਭ ਤੋਂ ਉਪਰ ਹਨ। ਪੰਜਾਬ ਦੀ ਥੀਏਟਰ ਦੀ ਲਹਿਰ ਵਿਚ ਸਭ ਤੋਂ ਵੱਧ ਹਿੱਸਾ ਪਾਉਣ ਲਈ, ਜੇ ਕਿਸੇ ਸ਼ਖ਼ਸ ਦਾ ਨਾਂ ਲੈਣਾ ਹੋਵੇ ਤਾਂ ਸਾਡੇ ਕੋਲ ਉਹਨਾਂ ਤੋਂ ਬਿਨਾਂ ਹੋਰ ਕੋਈ ਵੀ

ਨਾਂ ਨਹੀਂ। ਪਿਛਲੇ ਪੰਜਾਹ ਸਾਲਾਂ ਤੋਂ ਉਹ ਨਾਟਕਾਂ ਦੇ ਖੇਤਰ ਵਿਚ ਸਰਗਰਮੀ ਨਾਲ ਕੰਮ ਕਰਦੇ ਆ ਰਹੇ ਹਨ ਅਤੇ ਸ਼ਾਇਦ ਹੀ ਪੰਜਾਬ ਦਾ ਕੋਈ ਪਿੰਡ ਜਾਂ ਸ਼ਹਿਰ ਹੋਵੇਗਾ, ਜਿਥੇ ਉਹਨਾਂ ਨੇ ਕੋਈ ਨਾ ਕੋਈ ਨਾਟਕ ਨਾ ਖੇਡਿਆ ਹੋਵੇ। ਇਹ ਵੀ ਉਹਨਾਂ ਦੇ ਹੀ ਹਿੱਸੇ ਆਇਆ ਹੈ ਕਿ ਸਭ ਤੋਂ ਵੱਧ ਦਿਨ ਨਾਟਕ ਖੇਡਣ ਦਾ ਰਿਕਾਰਡ ਵੀ ਉਹਨਾਂ ਦੇ ਨਾਂ ਹੀ ਹੈ। ਇਕ ਤਰ੍ਹਾਂ ਨਾਲ ਉਹ ਨਾਟਕ ਹੀ ਜਿਉਂਦੇ ਹਨ।

ਨਾਟਕ ਦੀ ਕਲਾ ਨੂੰ ਉਹ ਸਿਰਫ਼ ਕਲਾ ਲਈ ਹੀ ਨਹੀਂ ਅਪਣਾਉਂਦੇ ਸਗੋਂ ਉਹ ਸਮਾਜ ਵਿਚ ਇਨਕਲਾਬੀ ਤਬਦੀਲੀ ਲਈ ਇਸ ਦੀ ਵਰਤੋਂ ਕਰਦੇ ਹਨ। ਉਹਨਾਂ ਵਿਚੋਂ ਲਿਖੇ ਅਤੇ ਖੇਡੇ ਗਏ ਨਾਟਕਾਂ ਦੀ ਗਿਣਤੀ ਤਾਂ ਸ਼ਾਇਦ ਉਹਨਾਂ ਨੂੰ ਖੁਦ ਵੀ ਪਤਾ ਨਹੀਂ ਹੋਣੀ। ਉਹ ਸਿਆਸਤ ਜਾਂ ਸਮਾਜ ਦੇ ਹਰੇਕ ਉਸ ਵਰਤਾਰੇ ਉੱਤੇ ਨਾਟਕ ਰਾਹੀਂ ਟਿੱਪਣੀ ਕਰਦੇ ਹਨ, ਜਿਸ ਦਾ ਸੰਬੰਧ ਲੋਕਾਂ ਨਾਲ ਹੋਵੇ। ਭਾਰਤ ਵਰਗੇ ਥੁੜ੍ਹਾਂ ਮਾਰੇ ਦੇਸ਼ ਵਿਚ ਐਸੀ ਕੋਈ ਵੀ ਘਟਨਾ ਜਾਂ ਗੱਲ ਨਹੀਂ ਵਾਪਰਦੀ ਜਿਸ ਦਾ ਸੰਬੰਧ ਲੋਕਾਈ ਨਾਲ ਨਾ ਹੋਵੇ। ਨਿੱਤ ਪ੍ਰਤੀ ਦੇ ਮਸਲਿਆਂ ਉੱਤੇ ਵੀ ਉਨ੍ਹਾਂ ਆਪਣਾ ਪ੍ਰਤੀਕਰਮ ਨਾਟਕ ਰਾਹੀਂ ਹੀ ਪ੍ਰਗਟਾਉਣ ਦੀ ਵਿਧੀ ਅਪਣਾ ਲਈ ਹੈ। ਇਹੀ ਉਹਨਾਂ ਨੂੰ ਸਭ ਦਾ "ਭਾਅ ਜੀ" ਵੀ ਬਣਾਉਂਦੀ ਹੈ ਅਤੇ ਇਸ ਲੋਕ-ਇਨਾਮ ਦਾ ਇਕੋ ਇਕ ਹੱਕਦਾਰ ਵੀ।

ਸਿਆਸੀ ਪ੍ਰਭੂਆਂ ਤੋਂ ਸਦਾ ਬਾਗੀ ਰਹੇ ਸ੍ਰੀ ਗੁਰਸ਼ਰਨ ਸਿੰਘ ਜੀ ਨੂੰ ਜਿਹੜਾ ਸਨਮਾਨ ਲੋਕਾਂ ਵੱਲੋਂ ਦਿੱਤਾ ਜਾ ਰਿਹਾ, ਉਸ ਦਾ ਉਹਨਾਂ ਤੋਂ ਬਿਨਾਂ ਹੋਰ ਕੋਈ ਵੀ ਹੱਕਦਾਰ ਨਹੀਂ। ਉਹਨਾਂ ਦਾ ਸਨਮਾਨ ਕਰਕੇ ਲੋਕਾਈ ਨੇ ਆਪਣੇ ਸਿਰ ਉਹਨਾਂ ਵੱਲੋਂ ਚੜ੍ਹਾਇਆ ਕਰਜ਼ਾ ਹੀ ਲਾਹਿਆ ਹੈ।

***ਦਲਬੀਰ ਸਿੰਘ*** (ਡਿਪਟੀ ਐਡੀਟਰ, ਪੰਜਾਬ ਟ੍ਰਿਬਿਊਨ, ਚੰਡੀਗੜ੍ਹ)

ਗੁਰਸ਼ਰਨ ਸਿੰਘ ਦਰਸ਼ਕਾਂ ਦੀ ਕਲਾ ਸੂਹਜ ਸੰਵੇਦਨਾ ਨੂੰ, ਹੋਰਨਾਂ ਸਮਾਜਿਕ ਸੰਵੇਦਨਾਵਾਂ ਨਾਲੋਂ ਨਿੱਖੜੀ ਹੋਈ ਰੁੰਡ-ਮਰੁੰਡ ਸੰਵੇਦਨਾ ਵਜੋਂ ਲੈ ਕੇ, ਇਸਦੀ ਹੇਠੀ ਨਹੀਂ ਕਰਦਾ। ਉਸਦੀ ਕਲਾ ਸਮਾਜਿਕ ਮਨੁੱਖੀ ਚੇਤਨਾ ਦਾ ਸ਼ਕਤੀਸ਼ਾਲੀ ਪ੍ਰਗਟਾਵਾ ਹੈ, ਜਿਹੜਾ ਆਪਣੇ ਖਾਸੇ ਪੱਖੋਂ ਜੁਝਾਰ ਅਤੇ ਇਨਕਲਾਬੀ ਹੈ। ਜੁਝਾਰ ਇਸ ਕਰਕੇ ਕਿ ਇਹ ਵੇਲਾ ਵਿਹਾ ਚੁੱਕੀ ਪਿਛਾਂਹ-ਖਿੱਚੂ ਸਮਾਜਿਕ ਚੇਤਨਾ ਨੂੰ ਕਦਮ ਕਦਮ 'ਤੇ ਚੁਣੌਤੀ ਦਿੰਦੀ ਤੇ ਇਸ ਨਾਲ ਭਿੜਦੀ ਆ ਰਹੀ ਹੈ। ਇਨਕਲਾਬੀ ਇਸ ਕਰਕੇ ਕਿ ਇਹ ਸਮਾਜਿਕ ਸਥਾਪਤੀ ਦੀਆਂ ਜਰਜਰੀਆਂ ਹੋ ਚੁੱਕੀਆਂ ਧਾਰਨਾਵਾਂ ਅਤੇ ਕਦਰਾਂ ਕੀਮਤਾਂ ਦਾ ਅਗਾਂਹਵਧੂ ਕ੍ਰਾਂਤੀਕਾਰੀ ਬਦਲ ਉਭਾਰਦੀ ਹੈ। ਗੁਰਸ਼ਰਨ ਸਿੰਘ ਦੇ ਨਾਟਕ, ਸਮਾਜਿਕ ਚੇਤਨਾ ਦੇ ਕਲਾ ਰੂਪ ਵਜੋਂ ਆਪਣੀ ਵਿਸ਼ੇਸ਼ਤਾ ਬਰਕਰਾਰ ਰੱਖਦੇ ਹਨ। ਪੰਜਾਬੀ ਜਨਸਮੂਹ, ਵਿਸ਼ੇਸ਼ ਕਰਕੇ ਪੇਂਡੂ ਜਨ-ਸਮੂਹ ਦੀ ਕਲਾ ਸੂਹਜ ਸੰਵੇਦਨਾ ਨੂੰ ਉਭਾਰਨ, ਵਿਕਸਤ ਅਤੇ ਅਮੀਰ ਕਰਨ 'ਚ ਅਜੇ ਤਕ ਹੋਰ ਕਿਸੇ ਵੀ ਨਾਟਕਕਾਰ ਜਾਂ ਨਿਰਦੇਸ਼ਕ ਦੇ ਮੁਕਾਬਲੇ ਗੁਰਸ਼ਰਨ ਸਿੰਘ ਦੀ ਦੇਣ ਕਿਤੇ ਅੱਗੇ ਹੈ। ਉੱਤਮ ਕਲਾ ਦੀ ਖੁਰਾਕ ਮੁਹੱਈਆ ਕਰਕੇ ਗੁਰਸ਼ਰਨ ਸਿੰਘ ਨੇ (ਦਰਸ਼ਕਾਂ ਦੀਆਂ ਪਛੜੀਆਂ ਪਰਤਾਂ

’ਚ ਵੀ) ਬੇਹਤਰ ਕਲਾ ਸੁਆਦਾਂ ਦੇ ਉਸਰੱਈਏ ਦਾ ਰੋਲ ਅਦਾ ਕੀਤਾ ਹੈ ਅਤੇ ਨਵੀਂ ਕਲਾ ਸੂਝ ’ਚ ਰੰਗੇ ਦਰਸ਼ਕ ਸਿਰਜੇ ਹਨ। ਪਰ ਵਧੇਰੇ ਅਹਿਮ ਗੱਲ ਇਹ ਹੈ ਕਿ ਉਸਦੇ ਨਾਟਕ, ਪਾਠਕਾਂ ਅਤੇ ਦਰਸ਼ਕਾਂ ਦੀ ਕਲਾ ਸੂਹਜ ਸੰਵੇਦਨਾ ’ਚ, ਉਹਨਾਂ ਦੀ ਸਮੁੱਚੀ ਸਮਾਜਿਕ ਸੰਵੇਦਨਾ ਲਈ ਝੰਜੋੜਾ ਬਣਕੇ ਉੱਭਰਦੇ ਹਨ, ਜਜ਼ਬਿਆਂ ਅਤੇ ਸੰਸਕਾਰਾਂ ਦੇ ਸੰਸਾਰ ’ਚ ਖਲਬਲੀ ਪੈਦਾ ਕਰਦੇ ਹਨ ਅਤੇ ਨਵੀਂ ਸਮਾਜਿਕ ਚੇਤਨਾ ਗ੍ਰਹਿਣ ਕਰਨ ਲਈ ਪ੍ਰੇਰਦੇ ਹਨ।

ਆਪਣੀ ਕਲਾ ਦੇ ਗੂੜ੍ਹੇ ਪ੍ਰਭਾਵ ਸਦਕਾ, ਉਹ ਲੋਕ ਮਨਾਂ ਅੰਦਰ ਨਵੇਂ ਜਜ਼ਬਿਆਂ, ਸੰਸਕਾਰਾਂ ਅਤੇ ਕਦਰਾਂ-ਕੀਮਤਾਂ ਦਾ ਸਿਰਜਕ ਹੈ। ਉਸਦੇ ਨਾਟਕ ਨਵੀਂ ਜ਼ਿੰਦਗੀ ਦੇ ਅਸਲ ਸਿਰਜਣਹਾਰ ਲੋਕਾਂ ਦੀ ਸ਼ਕਤੀ ਨੂੰ ਜਗਾਉਂਦੇ ਹਨ। ਅਣਮਨੁੱਖੀ ਜੀਵਨ ਹਾਲਤਾਂ ਨੂੰ ਬਦਲਣ ਦੀ ਤਾਂਘ ਪ੍ਰਚੰਡ ਕਰਦੇ ਹਨ ਅਤੇ ਜ਼ਿੰਦਗੀ ਦੀ ਮੁੜ ਸਿਰਜਣਾ ਦੇ ਉੱਦਮ ਲਈ ਹੁਲਾਰਾ ਬਣਦੇ ਹਨ।

ਇਉਂ ਗੁਰਸ਼ਰਨ ਸਿੰਘ ਸਾਹਿਤ ਅਤੇ ਕਲਾ ਦੇ ਰਚਨਹਾਰਿਆਂ ਲਈ ਸਿਰਜਣਾ ਦੇ ਅਸਲ ਅਤੇ ਵਡੇਰੇ ਅਰਥ ਉਜਾਗਰ ਕਰਦਾ ਹੈ। ਰੰਗਮੰਚ, ਇਕ ਕਲਾ ਕਾਮੇਂ ਵਜੋਂ ਉਸਦੀ ਸਿਰਜਣਾ-ਸ਼ਕਤੀ ਦੇ ਸਾਕਾਰ ਹੋਣ ਦੀ ਸੀਮਾ ਨਹੀਂ ਹੈ। ਉਹ ਸਿਰਫ਼ ਰੰਗਮੰਚ ’ਤੇ ਖਿੜਨ ਜੋਗੀ ਕਲਾ ਦਾ ਸਿਰਜਕ ਨਹੀਂ ਹੈ। ਉਸਦੀ ਸਿਰਜਣ ਸ਼ਕਤੀ ਦਾ ਲਿਸ਼ਕਾਰਾ ਰੰਗਮੰਚ ਰਾਹੀਂ ਅਸਲ ਜ਼ਿੰਦਗੀ ਦੇ ਮੰਚ ’ਤੇ ਸਾਕਾਰ ਹੁੰਦਾ ਹੈ, ਇਸ ਦੀ ਲੋਅ ਦਾ ਅੰਗ ਬਣਦਾ ਹੈ ਅਤੇ ਇਸ ਨੂੰ ਗੂੜ੍ਹੀ ਕਰਦਾ ਹੈ।

ਅਮਰ ਕਲਾ ਦੀ ਸਿਰਜਣਾ ਦੇ ਇਸ ਸਲੀਕੇ ਨੂੰ ਕੁਝ ਹਲਕਿਆਂ ਵੱਲੋਂ ਨਾਅਰੇਬਾਜ਼ੀ ਕਿਹਾ ਜਾਂਦਾ ਰਿਹਾ ਹੈ। ਪਰ ਇਸ ਸਲੀਕੇ ਨੇ, ਗੁਰਸ਼ਰਨ ਸਿੰਘ ਨੂੰ ਪੰਜਾਬ ਦੀ ਇਨਕਲਾਬੀ ਨਾਟਕ ਲਹਿਰ ਦਾ ਸ਼੍ਰੋਮਣੀ ਉਸਰੱਈਆ ਅਤੇ ਇਸਦੀ ਮਾਣਮੱਤੀ ਕਲਗੀ ਬਣਾ ਦਿੱਤਾ ਹੈ।

**‘ਸਲਾਮ’ ਦੇ ਕਾਮਿਆਂ ਵੱਲੋਂ**